21-OCT-PAGE-1.qxd 10/20/2023 9:26 PM Page 1

ਸ਼ਨੀਵਾਰ, 21 ਅਕਤੂਬਰ, 2023
5 ਕੱਤਕ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 141

ਨਵਾਂ ਜ਼ਮਾਨਾ

DAILY NAWAN ZAMANA • SATURDAY, 21 OCTOBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਹੁਣ ਸੁਪਰੀਮ ਕੋਰਟ ਤੋਂ ਫੈਸਲਾ ਕਰਵਾ ਕੇ ਹੀ ਅਸੰਬਲੀ ਸੈਸ਼ਨ ਸੱਦਾਂਗੇ : ਭਗਵੰਤ ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਰਾਜਪਾਲ ਦੇ ਇਤਰਾਜ਼ਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਸੂਬਾਈ ਅਸੰਬਲੀ ਦੇ ਵਿਸ਼ੇਸ਼ ਸੈਸ਼ਨ ਦੀ ਵੈਧਤਾ ਬਾਰੇ ਫੈਸਲਾ ਕਰਾਉਣ ਲਈ 30 ਅਕਤੂਬਰ ਨੂੰ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਏਗੀ। ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਵਿਸ਼ੇਸ਼ ਸੈਸ਼ਨ ਨੂੰ ਸੰਬੋਧਨ ਕਰਦਿਆਂ ਇਹ ਜਾਣਕਾਰੀ ਦਿੱਤੀ। ਮਾਨ ਨੇ ਕਿਹਾ ਕਿ ਰਾਜਪਾਲ ਵੱਲੋਂ ਵਿੱਤੀ ਬਿੱਲਾਂ ਨੂੰ ਰੋਕਣ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੈਲੰਜ ਕਰਾਂਗੇ। ਸੁਪਰੀਮ ਕੋਰਟ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਨਵੰਬਰ ਦੇ ਪਹਿਲੇ ਹਫਤੇ ਸੈਸ਼ਨ ਦੁਬਾਰਾ ਬੁਲਾਇਆ ਜਾਵੇਗਾ ਅਤੇ ਫਿਰ ਸਾਰੇ ਬਿੱਲ ਪੇਸ਼ ਕੀਤੇ ਜਾਣਗੇ।

ਇਸ ਦੌਰਾਨ ਸੰਸਦੀ ਮਾਮਲਿਆਂ ਦੇ ਮੰਤਰੀ ਬਲਕਾਰ ਸਿੰਘ ਨੇ ਸਦਨ ਦੀ ਕਾਰਵਾਈ ਮੁਲਤਵੀ ਕਰਨ ਦਾ ਮਤਾ ਪੇਸ਼ ਕੀਤਾ, ਜਿਸ ਨੂੰ ਸਦਨ ਨੇ ਪਾਸ ਕਰ ਦਿੱਤਾ। ਕਾਂਗਰਸ ਨੇ ਸੈਸ਼ਨ ਦੀ ਵੈਧਤਾ 'ਤੇ ਸਵਾਲ ਚੁੱਕੇ ਸਨ। ਇਸ 'ਤੇ ਸਪੀਕਰ ਤੇ ਮੰਤਰੀਆਂ ਨੇ ਕਿਹਾ ਕਿ ਸੈਸ਼ਨ ਪੂਰੀ ਤਰ੍ਹਾਂ ਕਾਨੂੰਨੀ ਹੈ।

ਅਸੰਬਲੀ ਦਾ ਦੋ ਦਿਨਾ ਵਿਸ਼ੇਸ਼ ਸੈਸ਼ਨ ਸ਼ਰਧਾਂਜਲੀਆਂ ਨਾਲ ਸ਼ੁਰੂ ਹੋਇਆ ਸੀ। ਸਦਨ ਨੇ ਅਗਨੀਵੀਰ ਅੰਮ੍ਰਿਤਪਾਲ ਸਿੰਘ ਨੂੰ ਸ਼ਰਧਾਂਜਲੀ ਦਿੱਤੀ। ਅਸੰਬਲੀ ਹਾਈਟੈੱਕ ਹੋ ਗਈ ਹੈ, ਕਿਉਂਕਿ ਸਾਰੇ ਮੈਂਬਰਾਂ ਦੇ ਬੈਂਚਾਂ ਦੇ ਨਾਲ-ਨਾਲ ਪ੍ਰੈੱਸ ਗੈਲਰੀ 'ਚ ਟੈਬਲੇਟ ਲਗਾ ਦਿੱਤੇ ਗਏ ਹਨ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਅਸੰਬਲੀ ਪੇਪਰਲੈੱਸ ਹੋ ਗਈ ਹੈ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਰਾਜਪਾਲ ਵੱਲੋਂ ਸੈਸ਼ਨ ਨੂੰ ਗੈਰਕਾਨੂੰਨੀ ਕਹਿਣ ਦਾ ਮੁੱਦਾ ਚੁੱਕਿਆ। ਉਨ੍ਹਾ ਹੈਰਾਨੀ ਪ੍ਰਗਟਾਈ ਕਿ ਰਾਜਪਾਲ ਵੱਲੋਂ ਗੈਰ-ਕਾਨੂੰਨੀ ਕਰਾਰ ਦਿੱਤੇ ਗਏ ਸੈਸ਼ਨ 'ਤੇ ਏਨੀ ਵੱਡੀ ਰਕਮ ਕਿਉਂ ਬਰਬਾਦ ਕੀਤੀ ਜਾ ਰਹੀ ਹੈ। ਸਪੀਕਰ ਨੇ ਕਿਹਾ ਕਿ ਸੈਸ਼ਨ ਵੈਧ ਹੈ। ਉਨ੍ਹਾ ਕਿਹਾ ਕਿ ਰਾਜਪਾਲ ਤੋਂ ਕੋਈ ਸੂਚਨਾ ਨਹੀਂ ਮਿਲੀ ਅਤੇ ਸੂਚਨਾ ਮਿਲਣ ਮਗਰੋਂ ਹੀ ਅਗਲੀ ਕਾਰਵਾਈ ਕੀਤੀ ਜਾ ਸਕਦੀ ਹੈ।

ਮੁੱਖ ਮੰਤਰੀ ਅਤੇ ਬਾਜਵਾ ਵਿਚਾਲੇ ਤਿੱਖੀ ਬਹਿਸ ਹੋਈ। ਜਦੋਂ ਮਾਨ ਸੰਬੋਧਨ ਕਰ ਰਹੇ ਸਨ ਤਾਂ ਬਾਜਵਾ ਬੋਲਣ ਲੱਗ ਪਏ। ਬਾਜਵਾ ਨੇ ਜਿਥੇ ਸੀ ਐੱਮ ਨੂੰ ਤੂੰ ਕਹਿ ਕੇ ਸੰਬੋਧਨ ਕੀਤਾ, ਉਥੇ ਹੀ ਬਾਜਵਾ ਬਾਰੇ ਸਪੀਕਰ ਸਾਹਮਣੇ ਬੋਲਦਿਆਂ ਮਾਨ ਨੇ ਕਿਹਾ—ਬਾਜਵਾ ਮੈਨੂੰ ਤੂੰ ਕਹਿ ਕੇ ਬੋਲ ਰਹੇ ਹਨ। ਬਾਜਵਾ ਦਾ ਹੰਕਾਰ ਬੋਲ ਰਿਹਾ। ਇਸੇ ਦੌਰਾਨ ਹੀ ਸੀ ਐੱਮ ਨੇ ਚੈਲੰਜ ਕਰਦਿਆਂ ਪੁੱਛਿਆ ਕਿ ਪੰਜਾਬ ਦੇ ਮੁੱਦਿਆਂ 'ਤੇ 1 ਨਵੰਬਰ ਨੂੰ ਓਪਨ ਡਿਬੇਟ 'ਤੇ ਆਓਗੇ?

ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਸਪੀਕਰ ਨੇ ਸੈਸ਼ਨ ਨੂੰ ਵੈਧ ਕਰਾਰ ਦੇ ਦਿੱਤਾ ਹੈ ਅਤੇ ਕਾਂਗਰਸ ਐੱਸ ਵਾਈ ਐੱਲ ਮੁੱਦੇ 'ਤੇ ਬਹਿਸ ਤੋਂ ਭੱਜ ਰਹੀ ਹੈ।

ਕੈਨੇਡਾ ਨੇ 41 ਡਿਪਲੋਮੈਟ ਕੱਢੇ, ਚੰਡੀਗੜ੍ਹ ਦੇ ਕੌਂਸਲਖਾਨੇ 'ਚ ਵੀਜ਼ਿਆਂ ਦਾ ਕੰਮ ਬੰਦ

ਟੋਰਾਂਟੋ : ਭਾਰਤ ਵੱਲੋਂ ਕੈਨੇਡੀਅਨ ਡਿਪਲੋਮੈਟਾਂ ਨੂੰ ਮਿਲੀ ਛੋਟ ਹਟਾਉਣ ਦੀ ਚਿਤਾਵਨੀ ਮਗਰੋਂ ਕੈਨੇਡਾ ਨੇ ਆਪਣੇ 41 ਡਿਪਲੋਮੈਟਾਂ ਤੇ ਉਨ੍ਹਾਂ ਦੇ 42 ਪਰਵਾਰਕ ਮੈਂਬਰਾਂ ਨੂੰ ਵੀਰਵਾਰ ਨਵੀਂ ਦਿੱਲੀ 'ਚ ਸੇਵਾ ਤੋਂ ਹਟਾ ਲਿਆ। ਕੈਨੇਡਾ ਨੇ ਚੰਡੀਗੜ੍ਹ, ਮੁੰਬਈ ਤੇ ਬੇਂਗਲੁਰੂ ਦੇ ਕੌਂਸਲਖਾਨਿਆਂ ਵਿਚ ਵੀਜ਼ਾ ਤੇ ਕੌਂਸੂਲਰ ਸੇਵਾਵਾਂ ਰੋਕ ਦਿੱਤੀਆਂ ਹਨ। ਇਹ ਸੇਵਾਵਾਂ ਸਿਰਫ ਦਿੱਲੀ ਵਿਚਲੇ ਕੈਨੇਡੀਅਨ ਹਾਈ ਕਮਿਸ਼ਨ ਵਿਚ ਹੀ ਮਿਲਣਗੀਆਂ। ਕੌਂਸਲਖਾਨਿਆਂ ਵਿਚ ਜਾ ਕੇ ਕੋਈ ਆਪਣਾ ਕੰਮ ਨਹੀਂ ਕਰਵਾ ਸਕੇਗਾ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਵਿਦੇਸ਼ ਮੰਤਰੀ ਮਿਲੇਨੀ ਜੌਲੀ।

ਕੈਨੇਡਾ ਨੇ ਪਿਛਲੇ ਦਿਨੀਂ ਦੋਸ਼ ਲਾਏ ਸਨ ਕਿ ਉਪ ਨਗਰੀ ਵੈਨਕੂਵਰ 'ਚ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਭਾਰਤ ਦਾ ਹੱਥ ਹੋ ਸਕਦਾ ਹੈ। ਇਸ ਮਗਰੋਂ ਭਾਰਤ ਤੇ ਕੈਨੇਡਾ ਦੇ ਸੰਬੰਧਾਂ ਵਿੱਚ ਤਣਾਅ ਵਧ ਗਿਆ। ਕੈਨੇਡਾ ਵੱਲੋਂ ਇਕ ਭਾਰਤੀ ਡਿਪਲੋਮੈਟ ਨੂੰ ਕੱਢਣ ਤੋਂ ਬਾਅਦ ਭਾਰਤ ਨੇ ਕੈਨੇਡਾ ਨੂੰ ਆਪਣੇ 62 ਡਿਪਲੋਮੈਟਾਂ ਵਿੱਚੋਂ 41 ਨੂੰ 20 ਅਕਤੂਬਰ ਤੱਕ ਹਟਾਉਣ ਲਈ ਕਿਹਾ ਸੀ। ਕੈਨੇਡਾ ਦੀ ਵਿਦੇਸ਼ ਮੰਤਰੀ ਮਿਲੇਨੀ ਜੌਲੀ ਨੇ ਕਿਹਾ ਕਿ 41 ਡਿਪਲੋਮੈਟਾਂ ਨੂੰ ਭਾਰਤ ਵਿੱਚੋਂ ਹਟਾ ਲਿਆ ਗਿਆ ਹੈ। ਜੌਲੀ ਨੇ ਕਿਹਾ ਕਿ ਭਾਰਤ ਨੇ ਅਨੈਤਿਕ ਤੌਰ 'ਤੇ ਇਨ੍ਹਾਂ ਡਿਪਲੋਮੈਟਾਂ ਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਮਿਲੀਆਂ ਸਹੂਲਤਾਂ 20 ਅਕਤੂਬਰ ਨੂੰ ਬੰਦ ਕਰ ਦੇਣ ਦੀ ਗੱਲ ਕਹੀ ਸੀ। 41 ਡਿਪਲੋਮੈਟਾਂ ਨੂੰ ਮਿਲੀਆਂ ਡਿਪਲੋਮੈਟਿਕ ਛੋਟਾਂ ਨੂੰ ਰੱਦ ਕਰਨਾ ਨਾ ਸਿਰਫ ਅਸਧਾਰਨ ਹੈ, ਸਗੋਂ ਕੌਮਾਂਤਰੀ ਕਾਨੂੰਨਾਂ ਦੇ ਖਿਲਾਫ ਹੈ, ਪਰ ਕੈਨੇਡਾ ਨੇ ਕਿਸੇ ਵੀ ਤਰ੍ਹਾਂ ਦੀ ਅਜਿਹੀ ਜਵਾਬੀ ਕਾਰਵਾਈ ਕਰਨ ਦੀ ਯੋਜਨਾ ਨਹੀਂ ਬਣਾਈ ਹੈ, ਜਿਸ ਨਾਲ ਸਥਿਤੀ ਵਿਗੜੇ। ਕੈਨੇਡਾ ਕੌਮਾਂਤਰੀ ਕਾਨੂੰਨ ਦਾ ਬਚਾਅ ਕਰਨਾ ਜਾਰੀ ਰੱਖੇਗਾ, ਜਿਹੜਾ ਸਾਰੇ ਦੇਸ਼ਾਂ 'ਤੇ ਲਾਗੂ ਹੁੰਦਾ ਹੈ ਤੇ ਭਾਰਤ ਨਾਲ ਜੁੜਨਾ ਜਾਰੀ ਰੱਖੇਗਾ। ਹੁਣ ਪਹਿਲਾਂ ਨਾਲੋਂ ਕਿਤੇ ਵੱਧ ਸਾਨੂੰ ਜ਼ਮੀਨ 'ਤੇ ਡਿਪਲੋਮੈਟਾਂ ਦੀ ਲੋੜ ਹੈ ਤੇ ਸਾਨੂੰ ਇਕ-ਦੂਜੇ ਨਾਲ ਗੱਲ ਕਰਨ ਦੀ ਲੋੜ ਹੈ।

ਜੌਲੀ ਨੇ ਕਿਹਾ ਕਿ ਭਾਰਤ ਦੇ ਮੁਕਾਬਲੇ ਕੈਨੇਡਾ ਨੇ ਭਾਰਤ ਵਿਚ ਜ਼ਿਆਦਾ ਸਟਾਫ ਇਸ ਕਰਕੇ ਰੱਖਿਆ ਸੀ, ਕਿਉਂਕਿ ਵੀਜ਼ਿਆਂ ਦਾ ਕੰਮ ਬਹੁਤ ਹੁੰਦਾ ਹੈ। 2022 ਵਿਚ ਰਿਕਾਰਡ 2 ਲੱਖ 26 ਹਜ਼ਾਰ ਵਿਦਿਆਰਥੀਆਂ ਦੇ ਵੀਜ਼ੇ ਲਾਉਣੇ ਪਏ ਸਨ। ਕੁਲ ਮਿਲਾ ਕੇ ਇਕ ਸਾਲ ਵਿਚ 6 ਲੱਖ ਵੀਜ਼ਾ ਅਰਜ਼ੀਆਂ ਪ੍ਰੋਸੈਸ ਕੀਤੀਆਂ ਗਈਆਂ। ਜੌਲੀ ਮੁਤਾਬਕ ਭਾਰਤ ਨੇ ਕਿਹਾ ਸੀ ਕਿ ਜੇ ਡਿਪਲੋਮੈਟਾਂ ਨੇ ਭਾਰਤ ਨਾ ਛੱਡਿਆ ਤਾਂ ਉਹ ਉਨ੍ਹਾਂ ਦੀ ਸੁਰੱਖਿਆ ਦਾ ਪ੍ਰਬੰਧ ਨਹੀਂ ਕਰ ਸਕੇਗਾ।

ਕੈਨੇਡਾ ਵਿਚ ਲੱਗਭੱਗ 7 ਲੱਖ 70 ਹਜ਼ਾਰ ਸਿੱਖ ਰਹਿੰਦੇ ਹਨ, ਜਿਹੜੇ ਉਥੋਂ ਦੀ ਆਬਾਦੀ ਦਾ ਲੱਗਭੱਗ ਦੋ ਫੀਸਦੀ ਬਣਦੇ ਹਨ। ਭਾਰਤ ਕੈਨੇਡਾ ਵਿਚ ਵੀਜ਼ੇ ਜਾਰੀ ਕਰਨਾ ਪਹਿਲਾਂ ਹੀ ਬੰਦ ਕਰ ਚੁੱਕਾ ਹੈ। ਇਸ ਨਾਲ ਕੈਨੇਡਾ ਦੇ ਨਾਗਰਿਕ ਬਣ ਚੁੱਕੇ ਭਾਰਤੀਆਂ, ਖਾਸਕਰ ਪੰਜਾਬੀਆਂ ਨੂੰ ਕਾਫੀ ਮੁਸ਼ਕਲਾਂ ਆ ਰਹੀਆਂ ਹਨ।

ਗੋਲੀਬਾਰੀ 'ਚ ਸਰਪੰਚ ਸਣੇ ਦੋ ਮਾਰੇ ਗਏ

ਮੋਗਾ (ਅਮਰਜੀਤ ਬੱਬਰੀ)-ਥਾਣਾ ਕੋਟ ਈਸੇ ਖਾਂ ਅਧੀਨ ਪਿੰਡ ਖੋਸਾ ਕੋਟਲਾ 'ਚ ਦੋ ਧਿਰਾਂ ਵਿਚਾਲੇ ਸ਼ੁੱਕਰਵਾਰ ਸਵੇਰੇ 6 ਵਜੇ ਗੋਲੀਬਾਰੀ ਵਿਚ ਕਾਂਗਰਸ ਪਾਰਟੀ ਨਾਲ ਸੰਬੰਧਤ ਸਰਪੰਚ ਤੇ ਉਸ ਦੇ ਇੱਕ ਸਾਥੀ ਦੀ ਮੌਤ ਹੋ ਗਈ ਅਤੇ ਦੂਜੀ ਧਿਰ ਦੇ ਦੋ ਵਿਅਕਤੀ ਜ਼ਖਮੀ ਹੋ ਗਏ। ਡੀ ਐੱਸ ਪੀ ਧਰਮਕੋਟ ਰਵਿੰਦਰ ਸਿਘ ਅਤੇ ਥਾਣਾ ਕੋਟ ਈਸੇ ਖਾਂ ਮੁਖੀ ਇੰਸਪੈਕਟਰ ਇਕਬਾਲ ਹੁਸੈਨ ਨੇ ਕਿਹਾ ਕਿ ਦੋਵਾਂ ਧਿਰਾਂ ਵਿਚਾਲੇ ਰੰਜਿਸ਼ ਚਲੀ ਆ ਰਹੀ ਸੀ। ਮ੍ਰਿਤਕਾਂ ਦੀ ਪਛਾਣ ਬੀਰ ਸਿੰਘ (ਸਰਪੰਚ) ਅਤੇ ਜਗਸੀਰ ਸਿੰਘ ਵਜੋਂ ਹੋਈ ਹੈ।

ਮਨੀਪੁਰ 'ਚ ਕਾਫੀ ਹਥਿਆਰ ਬਰਾਮਦ

ਇੰਫਾਲ : ਸੁਰੱਖਿਆ ਬਲਾਂ ਨੇ ਮਨੀਪੁਰ ਦੇ ਇੰਫਾਲ ਪੂਰਬੀ ਜ਼ਿਲ੍ਹੇ 'ਚ ਤਲਾਸ਼ੀ ਮੁਹਿੰਮ ਦੌਰਾਨ ਕਾਫੀ ਹਥਿਆਰ ਤੇ ਗੋਲੀ-ਸਿੱਕਾ ਜ਼ਬਤ ਕੀਤਾ ਹੈ। ਪੁਲਸ ਨੇ ਦੱਸਿਆ ਕਿ ਇਹ ਅਸਲਾ ਵੀਰਵਾਰ ਨੂੰ ਇੰਫਾਲ ਪੂਰਬੀ ਜ਼ਿਲ੍ਹੇ ਦੇ ਸਗੋਲਮਾਂਗ ਪੁਲਸ ਥਾਣੇ ਅਧੀਨ ਪੈਂਦੇ ਸ਼ਾਂਤੀਪੁਰ, ਖਮੇਨਲੋਕ ਅਤੇ ਵਾਕਨ ਇਲਾਕਿਆਂ ਵਿੱਚੋਂ ਬਰਾਮਦ ਕੀਤਾ ਗਿਆ ਹੈ। ਇਨ੍ਹਾਂ 'ਚ ਤਿੰਨ ਏ ਕੇ-47/56, ਚਾਰ ਕਾਰਬਾਈਨ ਮਸ਼ੀਨਗੰਨ, 7 ਐੱਸ ਐੱਲ ਆਰ ਸਮੇਤ 36 ਹਥਿਆਰ ਅਤੇ 1,615 ਕਾਰਤੂਸ ਤੇ 82 ਗਰਨੇਡ ਸ਼ਾਮਲ ਹਨ। ਬੁਲੇਟ ਪਰੂਫ ਜੈਕੇਟ ਤੇ ਵਾਕੀ-ਟਾਕੀ ਸੈੱਟ ਸਮੇਤ 132 ਯੁੱਧ ਸਮਗਰੀ ਵੀ ਬਰਾਮਦ ਕੀਤੀ ਗਈ ਹੈ।

3 ਕਤਲ ਕਰਕੇ ਖੁਦਕੁਸ਼ੀ

ਟਾਪੇਨਿਸ਼ (ਅਮਰੀਕਾ) : ਕੇਂਦਰੀ ਵਾਸ਼ਿੰਗਟਨ 'ਚ 19 ਸਾਲਾ ਹਮਲਾਵਰ ਨੇ ਚਾਰ ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ, ਜਿਸ 'ਚ ਤਿੰਨ ਜਣਿਆਂ ਦੀ ਮੌਤ ਹੋ ਗਈ। ਇਸ ਮਗਰੋਂ ਹਮਲਾਵਰ ਨੇ ਖੁਦ ਵੀ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਟਾਪੇਨਿਸ਼ ਪੁਲਸ ਮੁਖੀ ਜੌਨ ਕਲੇਰੀ ਨੇ ਦੱਸਿਆ ਕਿ ਹਮਲਾਵਰ ਨੇ ਸਵੇਰੇ ਪੰਜ ਵਜੇ ਇੱਕ ਘਰ 'ਚ 13 ਸਾਲਾ ਨਾਬਾਲਗ ਅਤੇ 18 ਤੇ 21 ਸਾਲ ਦੀਆਂ ਦੋ ਕੁੜੀਆਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ। 21 ਸਾਲ ਦੇ ਇੱਕ ਹੋਰ ਨੌਜਵਾਨ ਦੀ ਹਾਲਤ ਗੰਭੀਰ ਬਣੀ ਹੋਈ ਸੀ।

ਬਰਫ 'ਚ ਫਸੇ ਦੋ ਪੰਜਾਬੀਆਂ ਨੂੰ ਬਚਾਇਆ

ਸ੍ਰੀਨਗਰ : ਬਰਫ ਦੇ ਤੋਦੇ ਡਿੱਗਣ ਕਾਰਨ ਕਿਸ਼ਤਵਾੜ ਜ਼ਿਲ੍ਹੇ ਦੇ ਸਿੰਥਨ ਟਾਪ ਇਲਾਕੇ 'ਚ ਫਸੇ ਪੰਜਾਬ ਦੇ ਦੋ ਸੈਲਾਨੀਆਂ ਨੂੰ ਸ਼ੁੱਕਰਵਾਰ ਬਚਾਅ ਲਿਆ ਗਿਆ। ਪੁਲਸ ਨੇ ਦੱਸਿਆ ਕਿ ਫੋਨ 'ਤੇ ਸੂਚਨਾ ਮਿਲੀ ਸੀ ਕਿ ਅਨੰਤਨਾਗ ਤੋਂ ਕਿਸ਼ਤਵਾੜ ਵੱਲ ਜਾ ਰਹੇ ਪੰਜਾਬ ਦੇ ਲੋਕ ਸਿੰਥਨ ਟਾਪ 'ਤੇ ਫਸੇ ਹੋਏ ਹਨ। ਇਸ ਮਗਰੋਂ ਬਚਾਅ ਮੁਹਿੰਮ ਚਲਾਈ ਗਈ ਅਤੇ ਪੀਯੂਸ਼ ਵਿਜ ਅਤੇ ਮੁਹੰਮਦ ਸ਼ਰੀਫ ਨੂੰ ਬਚਾਇਆ ਗਿਆ।

ਰਾਹੁਲ ਖਿਲਾਫ ਪਟੀਸ਼ਨ ਕਰਨ ਵਾਲੇ ਨੇ ਇਕ ਲੱਖ ਜੁਰਮਾਨਾ ਠੁਕਵਾਇਆ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਬਹਾਲੀ ਨੂੰ ਚੁਣੌਤੀ ਦੇਣ ਵਾਲੀ ਜਨਹਿਤ ਪਟੀਸ਼ਨ ਨੂੰ ਰੱਦ ਕਰ ਦਿੱਤਾ ਅਤੇ ਪਟੀਸ਼ਨਰ ਨੂੰ ਇੱਕ ਲੱਖ ਰੁਪਏ ਦਾ ਜੁਰਮਾਨਾ ਵੀ ਠੋਕਿਆ। ਜਸਟਿਸ ਬੀ ਆਰ ਗਵਈ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਕਿਹਾ ਕਿ ਪਟੀਸ਼ਨ ਕਾਨੂੰਨ ਦੀ ਪ੍ਰਕਿਰਿਆ ਦੀ ਦੁਰਵਰਤੋਂ ਹੈ, ਕਿਉਂਕਿ ਪਟੀਸ਼ਨਰ ਦੇ ਕਿਸੇ ਵੀ ਮੌਲਿਕ ਅਧਿਕਾਰ ਦੀ ਉਲੰਘਣਾ ਨਹੀਂ ਕੀਤੀ ਗਈ। ਸੁਪਰੀਮ ਕੋਰਟ ਵੱਲੋਂ 4 ਅਗਸਤ ਨੂੰ ਰਾਹੁਲ ਗਾਂਧੀ ਦੀ 'ਮੋਦੀ' ਉਪਨਾਮ 'ਤੇ ਇੱਕ ਟਿੱਪਣੀ ਨਾਲ ਸੰਬੰਧਤ ਮਾਮਲੇ 'ਚ ਉਨ੍ਹਾ ਦੀ ਸਜ਼ਾ 'ਤੇ ਰੋਕ ਲਗਾਏ ਜਾਣ ਮਗਰੋਂ ਲੋਕ ਸਭਾ ਸਕੱਤਰੇਤ ਨੇ ਉਨ੍ਹਾ ਦੀ ਮੈਂਬਰਸ਼ਿਪ ਬਹਾਲ ਕਰ ਦਿੱਤੀ ਸੀ।

ਪੀ ਐੱਮ ਓ ਨੇ ਦਰਸ਼ਨ ਹੀਰਾਨੰਦਾਨੀ ਤੋਂ ਧੱਕੇ ਨਾਲ ਮੇਰੇ ਖਿਲਾਫ਼ ਹਲਫਨਾਮਾ ਦਿਵਾਇਆ : ਮਹੂਆ ਮੋਇਤਰਾ

ਨਵੀਂ ਦਿੱਲੀ : ਤ੍ਰਿਣਮੂਲ ਕਾਂਗਰਸ ਦੀ ਲੋਕ ਸਭਾ ਮੈਂਬਰ ਮਹੂਆ ਮੋਇਤਰਾ ਨੇ ਰੀਅਲ ਐਸਟੇਟ ਤੋਂ ਲੈ ਕੇ ਊਰਜਾ ਖੇਤਰ 'ਚ ਕੰਮ ਕਰਨ ਵਾਲੇ ਗਰੁੱਪ ਹੀਰਾਨੰਦਾਨੀ ਦੇ ਸੀ ਈ ਓ ਦਰਸ਼ਨ ਹੀਰਾਨੰਦਾਨੀ ਦੇ ਹਲਫਨਾਮੇ ਦੀ ਭਰੋਸੇਯੋਗਤਾ 'ਤੇ ਸਵਾਲ ਚੁੱਕਦਿਆਂ ਦੋਸ਼ ਲਾਇਆ ਕਿ ਪੀ ਐੱਮ ਓ (ਪ੍ਰਧਾਨ ਮੰਤਰੀ ਦਫਤਰ) ਨੇ ਇਹ ਪੱਤਰ ਤਿਆਰ ਕੀਤਾ ਸੀ ਅਤੇ ਹੀਰਾਨੰਦਾਨੀ ਦੇ ਪਰਵਾਰ ਨੂੰ ਕਾਰੋਬਾਰ ਪੂਰੀ ਤਰ੍ਹਾਂ ਬੰਦ ਕਰਨ ਦੀ ਧਮਕੀ ਦੇ ਕੇ ਉਨ੍ਹਾਂ ਨੂੰ ਇਸ ਹਲਫਨਾਮੇ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ। ਮਹੂਆ ਨੇ ਦਾਅਵਾ ਕੀਤਾ ਕਿ ਪੀ ਐੱਮ ਓ ਨੇ ਦਰਸ਼ਨ ਤੇ ਉਸ ਦੇ ਪਿਤਾ 'ਤੇ ਕਥਿਤ ਬੰਦੂਕ ਤਾਣ ਕੇ ਉਨ੍ਹਾਂ ਨੂੰ ਇਸ ਪੱਤਰ 'ਤੇ ਦਸਤਖਤ ਕਰਨ ਲਈ 20 ਮਿੰਟ ਦਾ ਸਮਾਂ ਦਿੱਤਾ। ਜ਼ਿਕਰਯੋਗ ਹੈ ਕਿ ਦਰਸ਼ਨ ਹੀਰਾਨੰਦਾਨੀ ਨੇ ਇੱਕ ਹਲਫਨਾਮੇ 'ਚ ਦਾਅਵਾ ਕੀਤਾ ਸੀ ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮਹੂਆ ਮੋਇਤਰਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬਦਨਾਮ ਕਰਨ ਲਈ ਉਦਯੋਗਪਤੀ ਗੌਤਮ ਅਡਾਨੀ 'ਤੇ ਨਿਸ਼ਾਨਾ ਲਾਇਆ ਸੀ।

ਉਧਰ, ਮਹੂਆ ਦੇ ਵਕੀਲ ਗੋਪਾਲ ਸ਼ੰਕਰਨਾਰਾਇਣਨ ਉਸ ਮਾਣਹਾਨੀ ਕੇਸ ਵਿੱਚੋਂ ਹਟ ਗਏ ਹਨ, ਜਿਹੜਾ ਮਹੂਆ ਨੇ ਭਾਜਪਾ ਸਾਂਸਦ ਨਿਸ਼ੀਕਾਂਤ ਦੂਬੇ ਤੇ ਸੁਪਰੀਮ ਕੋਰਟ ਦੇ ਵਕੀਲ ਜੈ ਅਨੰਤ ਦੇਹਾਦਰਾਈ ਖਿਲਾਫ ਦਿੱਲੀ ਹਾਈ ਕੋਰਟ ਵਿਚ ਕੀਤਾ ਹੈ। ਸ਼ੁੱਕਰਵਾਰ ਸੁਣਵਾਈ ਦੌਰਾਨ ਦੇਹਾਦਰਾਈ ਨੇ ਜੱਜ ਨੂੰ ਦੱਸਿਆ ਕਿ ਸ਼ੰਕਰਨਾਰਾਇਣਨ ਨੇ ਵੀਰਵਾਰ ਰਾਤ ਉਨ੍ਹਾ ਨੂੰ ਫੋਨ ਕਰਕੇ ਪੁੱਛਿਆ ਕਿ ਕੀ ਅਦਾਲਤ ਤੋਂ ਬਾਹਰ ਸਮਝੌਤਾ ਹੋ ਸਕਦਾ ਹੈ?

ਜਸਟਿਸ ਸਚਿਨ ਦੱਤਾ ਨੇ ਕਿਹਾ ਕਿ ਉਹ ਹੈਰਾਨ ਹਨ ਕਿ ਸ਼ੰਕਰਨਾਰਾਇਣਨ ਨੇ ਵਿਚੋਲੀਏ ਦੀ ਭੂਮਿਕਾ ਨਿਭਾਉਣ ਦੀ ਕੋਸ਼ਿਸ਼ ਕੀਤੀ। ਕੀ ਉਹ ਅਜੇ ਵੀ ਇਸ ਕੇਸ ਵਿਚ ਪੇਸ਼ ਹੋਣ ਦੇ ਪਾਤਰ ਹਨ? ਇਸ ਤੋਂ ਬਾਅਦ ਸ਼ੰਕਰਨਾਰਾਇਣਨ ਨੇ ਕੇ

21-OCT-PAGE-1.qxd 10/20/2023 9:26 PM Page 2

ਕਣਕ ਦੇ ਭਾਅ 'ਚ ਵਾਧਾ ਕਿਸਾਨਾਂ ਨਾਲ ਕੋਝਾ ਮਜ਼ਾਕ : ਫੁਰਮਾਨ ਸਿੰਘ ਸੰਧੂ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਨੇ ਸਰਕਾਰ ਇਹ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਸਾਡੀ ਕਿਸਾਨ ਜਥੇਬੰਦੀ ਇਸ ਗੱਲ ਦੀ ਨਿਖੇਧੀ ਕਰਦੀ ਹੈ, ਜੋ ਕੇਂਦਰ ਸਰਕਾਰ ਨੇ ਕਣਕ ਦਾ ਮਾਮੂਲੀ 150 ਰੁਪਏ ਐਮਐਸਪੀ ਵਿੱਚ ਵਾਧਾ ਕਰਕੇ ਕਿਸਾਨਾਂ ਨਾਲ ਕੋਝਾ ਮਜ਼ਾਕ ਕੀਤਾ ਹੈ। ਇਹ ਵਾਧਾ ਸਾਨੂੰ ਹਰਗਿਜ਼ ਬਰਦਾਸਤ ਨਹੀਂ, ਕਿਉਂਕਿ ਡੀਜ਼ਲ, ਖਾਦਾਂ ਤੇ ਸਪਰੇਆਂ ਦੇ ਭਾਅ ਅਸਮਾਨੀ ਚੜ੍ਹ ਚੁਕੇ ਹਨ।ਦੂਜੇ ਪਾਸੇ ਐਮਐਸਪੀ ਵਧਾਉਣ ਸਮੇਂ ਹੱਥ ਬਿਲਕੁਲ ਖਿੱਚ ਲਏ ਹਨ, ਕਿ ਇਹ ਵਾਧਾ ਘੱਟ ਤੋਂ ਘੱਟ 1000 ਰੁਪਏ ਹੋਣਾ ਚਾਹੀਦਾ ਹੈ। ਦੂਜੇ ਪਾਸੇ ਡੀਏਪੀ ਖਾਦ ਜੋ ਸੁਸਾਇਟੀਆਂ ਰਾਹੀਂ ਕਿਸਾਨਾਂ ਨੂੰ ਮਿਲਦੀ ਹੈ, ਉਸ ਦੇ ਨਾਲ ਫੀਡ ਤੇ ਹੋਰ ਦਵਾਈਆਂ ਜ਼ਬਰਦਸਤੀ ਦਿੱਤੇ ਜਾਣ ਨਾਲ ਕਿਸਾਨਾਂ ਦੀ ਵੱਡੀ ਆਰਥਿਕ ਲੁੱਟ ਹੋ ਰਹੀ ਹੈ।ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਡੀਏਪੀ ਖਾਦ ਦਾ ਘੱਟ ਰੈਕ ਦਿੱਤੇ ਜਾਣ ਕਰ ਕੇ ਬਾਜ਼ਾਰ ਵਿੱਚ ਖਾਦ ਦੀ ਵੱਡੀ ਘਾਟ ਆ ਰਹੀ ਹੈ, ਜਿਸ ਦਾ ਨਜਾਇਜ ਫ਼ਾਇਦਾ ਲੈ ਕੇ ਦੁਕਾਨਦਾਰਾਂ ਵੱਲੋਂ ਇਸ ਨੂੰ ਬਲੈਕ ਵਿੱਚ ਵੇਚਿਆ ਜਾ ਰਿਹਾ।ਇਸ ਘਾਟ ਨੂੰ ਤੁਰੰਤ ਪੂਰਾ ਕੀਤਾ ਜਾਵੇ ਅਤੇ ਖਾਦ ਦੀ ਹੋ ਰਹੀ ਬਲੈਕ ਬੰਦ ਕੀਤੀ ਜਾਵੇ।ਸਰਕਾਰ ਬਾਸਮਤੀ ਉੱਤੇ ਲਾਈ ਪਾਬੰਧੀ ਤੁਰੰਤ ਖ਼ਤਮ ਕਰੇ ਤੇ ਬਰਸਾਤ ਤੇ ਗੜ੍ਹਿਆਂ ਕਾਰਨ ਫ਼ਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ।ਪਟਵਾਰੀਆਂ ਨੇ ਵਾਧੂ ਸਰਕਲਾਂ ਦਾ ਕੰਮ ਛੱਡਿਆ ਹੋਇਆ ਹੈ, ਜਿਸ ਨਾਲ ਕਿਸਾਨਾਂ ਦੀ ਬਹੁਤ ਖੱਜਲ ਖ਼ੁਆਰੀ ਹੋ ਰਹੀ ਹੈ।ਉਸ ਨੂੰ ਪੰਜਾਬ ਸਰਕਾਰ ਤੁਰੰਤ ਹੱਲ ਕਰੇ।ਜੇਕਰ ਡੀਏਪੀ ਦੀ ਘਾਟ ਪੂਰੀ ਨਾ ਕੀਤੀ ਤੇ ਕਿਸਾਨ ਜਥੇਬੰਦੀਆਂ ਸੜਕਾਂ ਤੇ ਆ ਜਾਣਗੀਆਂ । ਅਸੀਂ ਧੱਕਾ ਬਰਦਾਸ਼ਤ ਨਹੀਂ ਕਰਾਂਗੇ, ਨਾ ਹੀ ਬਲੈਕ ਵਿੱਚ ਖਾਦ ਵਿਕਣ ਦਿਆਂਗੇ।

ਭਗਤ ਨਾਮਦੇਵ ਦਾ ਜਨਮ ਦਿਹਾੜਾ ਮਨਾਉਣ ਦੀ ਤਿਆਰੀ ਸੰਬੰਧੀ ਸਭਾ ਨੇ ਕੀਤੀ ਅਹਿਮ ਮੀਟਿੰਗ

ਕੋਟ ਈਸੇ ਖਾਂ (ਅਰੋੜਾ)-ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ ਜਨਮ ਦਿਹਾੜਾ ਮਨਾਉਣ ਲਈ ਉਸ ਦੀ ਤਿਆਰੀ ਸਬੰਧੀ ਰੂਪ ਰੇਖਾ ਤਿਆਰ ਕਰਨ ਅਤੇ ਆਪੋ ਆਪਣੀਆਂ ਜ਼ਿੰਮੇਵਾਰੀਆਂ ਸੰਭਾਲਣ ਲਈ ਭਗਤ ਨਾਮਦੇਵ ਸਭਾ ਕੋਟ ਈਸੇ ਖਾਂ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਸੱਚਾ ਸਿੰਘ ਪੁਰਬਾ ਨਗਰ ਕੌਂਸਲਰ ਦੇ ਦਫਤਰ ਵਿਖੇ ਪ੍ਰਧਾਨ ਤਰਸੇਮ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਕੀਤੀ ਗਈ ਜਿਸ ਵਿੱਚ ਇਸ ਸਭਾ ਦੇ ਚੇਅਰਮੈਨ ਮਨਜੀਤ ਸਿੰਘ ਅਤੇ ਮੈਂਬਰ ਸਰਜੀਤ ਸਿੰਘ ਔਲਖ, ਸੁੱਚਾ ਸਿੰਘ ਪੁਰਬਾ ਕੌਂਸਲਰ, ਹਰਭਜਨ ਸਿੰਘ ਟੇਲਰ ਮਾਸਟਰ, ਗੁਰਵਿੰਦਰ ਸਿੰਘ ਗਿੱਲ, ਜਸਵੀਰ ਸਿੰਘ ਟੀਟੂ, ਤਰਲੋਚਨ ਸਿੰਘ ਸ਼ਾਦੀ ਵਾਲਾ, ਕੁਲਦੀਪ ਸਿੰਘ ਸਾਊਂਡ ਵਾਲੇ, ਬਲਜੀਤ ਸਿੰਘ ਬਿੱਟੂ, ਗੁਰਬਚਨ ਸਿੰਘ ਟੇਲਰ ਮਾਸਟਰ, ਗੁਰਪ੍ਰਤਾਪ ਸਿੰਘ ਏ ਐਸ ਆਈ, ਸੁਖਚੈਨ ਸਿੰਘ ਪਨਬਸ ਵਾਲੇ, ਬੂਟਾ ਗੁਲਾਮੀ ਵਾਲਾ ਅਤੇ ਹਰਨਾਮ ਸਿੰਘ ਸਾਬਕਾ ਏ ਐਸ ਆਈ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਸਮੇਂ ਇਹ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਭਗਤ ਨਾਮਦੇਵ ਜੀ ਦੇ ਜਨਮ ਦਿਹਾੜੇ ਸਬੰਧੀ ਅਗਲੇ ਮਹੀਨੇ ਦੀ 17 ਤਰੀਕ ਨੂੰ ਸ੍ਰੀ ਅਖੰਡ ਪਾਠ ਸਾਹਿਬ ਗੁਰਦੁਆਰਾ ਭਗਤ ਨਾਮਦੇਵ ਸੁੰਦਰ ਨਗਰ ਕੋਟ ਈਸੇ ਖਾਂ ਵਿਖੇ ਪ੍ਰਾਰੰਭ ਕਰਵਾਏ ਜਾਣਗੇ ਜਿਨਾਂ ਦੇ ਭੋਗ 19 ਨਵੰਬਰ ਐਤਵਾਰ ਨੂੰ ਪਾਏ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਧਾਰਮਿਕ ਸਮਾਗਮ ਸਮੇਂ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਕਥਾ ਕੀਰਤਨ ਕਰਨ ਲਈ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ।

ਸਾਬਕਾ ਵਿਧਾਇਕ ਕਾਕਾ ਲੋਹਗੜ੍ਹ ਨੇ ਮੰਡੀ ਧਰਮਕੋਟ ਦਾ ਦੌਰਾ ਕੀਤਾ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਕਾਂਗਰਸ ਪਾਰਟੀ ਹਾਈਕਮਾਂਡ ਦੇ ਦਿਸ਼ਾ-ਨਿਰਦੇਸ਼ ਤਹਿਤ ਹਲਕਾ ਧਰਮਕੋਟ ਦੇ ਸਾਬਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਅਤੇ ਜ਼ਿਲ੍ਹਾ ਮੋਗਾ ਪ੍ਰਧਾਨ ਕਾਂਗਰਸ ਕਮੇਟੀ ਵੱਲੋਂ ਆਪਣੇ ਆਗੂ ਅਤੇ ਵਰਕਰ ਸਾਹਿਬਾਨ ਨੂੰ ਨਾਲ ਲੈ ਕੇ ਦਾਣਾ ਮੰਡੀ ਧਰਮਕੋਟ ਦਾ ਦੌਰਾ ਕੀਤਾ ਤੇ ਕਿਹਾ ਕਿ ਹਲਕਾ ਧਰਮਕੋਟ 'ਚ ਅਜੇ ਤੱਕ ਜਿੰਨੇ ਕੁ ਝੋਨੇ ਦੀ ਤੁਲਾਈ ਹੋਈ ਹੈ, ਤੁਲੀਆਂ ਝੋਨੇ ਦੀਆਂ ਬੋਰੀਆਂ ਦੀ ਲਿਫਟਿੰਗ ਨਾ ਹੋਣ ਕਰਕੇ ਬੋਰੀਆਂ ਦੇ ਅੰਬਾਰ ਲੱਗੇ ਹੋਏ ਹਨ। ਜੇਕਰ ਇਹੀ ਹਾਲ ਰਿਹਾ ਤਾਂ ਸਾਡੇ ਵੱਲੋਂ ਆਉਣ ਦਿਨਾਂ ਵਿੱਚ ਡਿਪਟੀ ਕਮਿਸ਼ਨਰ ਮੋਗਾ ਨੂੰ ਕਿਸਾਨਾਂ ਮਜ਼ਦੂਰਾਂ ਅਤੇ ਆੜ੍ਹਤੀਆਂ ਅਤੇ ਸ਼ੈਲਰ ਮਾਲਕਾਂ ਦੀ ਮੁਸ਼ਕਲ ਦਾ ਹੱਲ ਕਰਨ ਲਈ ਮੰਗ ਪੱਤਰ ਸੌਂਪਿਆ ਜਾਵੇਗਾ।

ਕੋਪਲ ਕੰਪਨੀ ਦੀ 100 ਐਵਾਰਡ ਲਈ ਹੋਈ ਚੋਣ

ਸੰਗਰੂਰ (ਪ੍ਰਵੀਨ ਸਿੰਘ)-ਮੰਡੀ ਸੂਲਰ ਘਰਾਟ ਦੇ ਸ਼ਾਮ ਲਾਲ ਬਾਂਸਲ ਨੇ ਜਿਸ ਤਰ੍ਹਾਂ ਨਾਲ ਆਪਣੇ ਛੋਟੇ ਜਿਹੇ ਕੀੜੇਮਾਰ ਦਵਾਈਆਂ ਦੇ ਵਪਾਰ ਨੂੰ ਸ਼ੁਰੂ ਕਰ ਕੇ ਆਪਣੀ ਅਣਥੱਕ ਮਿਹਨਤ ਅਤੇ ਦਿੜ੍ਹ ਜਜ਼ਬੇ ਨਾਲ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ, ਉਹ ਕਾਬਿਲ ਏ ਤਾਰੀਫ ਹੈ। ਅੱਜ ਉਨ੍ਹਾਂ ਦੀ ਕੰਪਨੀ ਭਾਰਤ ਸਰਕਾਰ ਦੇ ਐਮ ਐਸ ਐਮ ਈ ਮੰਤਰਾਲੇ ਦੇ ਸਰਵੋਤਮ ਐਵਾਰਡ 100 ਲਈ ਚੁਣੀ ਗਈ ਹੈ। ਇਸ ਉਪਲਬਧੀ 'ਤੇ ਮਾਣ ਮਹਿਸੂਸ ਕਰਦੇ ਹੋਏ ਸਾਡੇ ਪ੍ਰਤੀਨਿਧ ਨਾਲ ਆਪਣੇ ਦਫਤਰ ਸੂਲਰ ਘਰਾਟ ਵਿਖੇ ਗੱਲਬਾਤ ਕਰਦਿਆਂ ਉਨ੍ਹਾਂ ਦੇ ਸਪੁੱਤਰ ਸੰਜੀਵ ਬਾਂਸਲ ਐਮ ਡੀ ਅਤੇ ਪੋਤਰੇ ਹੈਲਿਕ ਬਾਂਸਲ ਡਾਇਰੈਕਟਰ ਬਾਂਸਲ'ਜ਼ ਗਰੁੱਪ ਨੇ ਦੱਸਿਆ ਕਿ ਇਹ ਐਵਾਰਡ ਉਨ੍ਹਾਂ ਦੇ ਮਾਪਿਆਂ ਵੱਲੋਂ ਦੱਸੇ ਸਹੀ ਰਸਤੇ ਅਤੇ ਆਪਣੇ ਵਪਾਰ ਨੂੰ ਇਮਾਨਦਾਰੀ ਨਾਲ ਕਰਨ ਦੇ ਕਾਰਨ ਹੀ ਮਿਲਿਆ ਹੈ। ਇਸ ਐਵਾਰਡ ਲਈ ਪੂਰੇ ਦੇਸ਼ ਦੀਆਂ ਨਾਮਜ਼ਦ ਹੋਈਆਂ 31824 ਕੰਪਨੀਆਂ ਵਿੱਚੋਂ ਸਾਡੀ ਕੰਪਨੀ ਕਰਾਪ ਆਰਗੈਨਿਕਸ ਪ੍ਰਾਈਵੇਟ ਲਿਮਟਿਡ (ਕੋਪਲ) ਨੂੰ ਪਹਿਲੀਆਂ 100 ਵਿੱਚ ਸਥਾਨ ਮਿਲਿਆ ਹੈ। ਇਹ ਐਵਾਰਡ 27 ਅਕਤੂਬਰ ਨੂੰ ਭਾਰਤ ਸਰਕਾਰ ਦੇ ਸੂਖਮ ਅਤੇ ਲਘੂ ਉਦਯੋਗ ਮੰਤਰੀ ਨਰਾਇਣ ਰਾਣੇ ਅਤੇ ਕੇਂਦਰੀ ਰਾਜ ਮੰਤਰੀ ਭਾਨੂੰ ਪ੍ਰਤਾਪ ਸਿੰਘ ਵਰਮਾ ਵੱਲੋਂ ਨਵੀਂ ਦਿੱਲੀ ਵਿਖੇ ਇੱਕ ਸਮਾਗਮ ਵਿੱਚ ਦਿੱਤਾ ਜਾਵੇਗਾ। ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਤੇ ਹੋਰ ਓਦਯੋਗਪਤੀਆਂ, ਦੋਸਤਾਂ ਮਿੱਤਰਾਂ, ਰਾਜਨੀਤਿਕ ਸ਼ਖਸ਼ਸੀਅਤਾਂ ਨੇ ਬਾਂਸਲ'ਜ਼ ਗਰੁੱਪ ਦੀ ਇਸ ਉਪਲਬਧੀ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ।

ਕੋ-ਆਪ੍ਰੇਟਿਵ ਬੈਂਕ ਵਿਖੇ ਗਾਹਕ ਜਾਗਰੂਕਤਾ ਕੈਂਪ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਨਾਬਾਰਡ ਦੇ ਡਿਜੀਟਲ ਫਾਈਨਾਂਸ਼ੀਅਲ ਲਿਟਰੇਸੀ ਪ੍ਰੋਗਰਾਮ ਤਹਿਤ ਕੇਂਦਰੀ ਸਹਿਕਾਰੀ ਬੈਂਕ ਬਠਿੰਡਾ ਦੀ ਬ੍ਰਾਂਚ ਲਹਿਰਾ ਮੁਹੱਬਤ ਵਿਖੇ ਬੈਂਕ ਦੁਆਰਾ ਜਾਰੀ ਸਕੀਮਾਂ ਬਾਰੇ ਗਾਹਕ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਦੌਰਾਨ ਹੈੱਡ ਆਫਿਸ ਬਠਿੰਡਾ ਤੋਂ ਪਹੁੰਚੇ ਮੁੱਖ ਬੁਲਾਰੇ ਰਮੇਸ਼ ਕੁਮਾਰ ਤੋਂ ਇਲਾਵਾ ਬ੍ਰਾਂਚ ਮੈਨੇਜਰ ਰਮਨਦੀਪ ਕੌਰ ਤੇ ਕੈਸ਼ੀਅਰ ਗੁਰਪ੍ਰੀਤ ਸਿੰਘ ਨੇ ਸੰਬੋਧਨ ਕਰਦਿਆਂ ਬੈਂਕ ਦੀਆਂ ਵੱਖ-ਵੱਖ ਕਰਜ਼ਾ ਸਕੀਮਾਂ, ਬੀਮਾ ਯੋਜਨਾਵਾਂ, ਏ. ਟੀ. ਐੱਮ. ਤੇ ਮੋਬਾਇਲ ਬੈਂਕਿੰਗ ਸਮੇਤ ਹੋਰ ਸਹੂਲਤਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਇਸ ਮੌਕੇ ਸੁਖਜੀਤ ਸਿੰਘ ਗੰਨਮੈਨ, ਸੇਵਾਦਾਰ ਹਰਪ੍ਰੀਤ ਸਿੰਘ, ਕੌਂਸਲਰਜ਼ ਗੁਰਸੇਵਕ ਸਿੰਘ, ਮੁਖਤਿਆਰ ਸਿੰਘ ਤੇ ਪ੍ਰੀਤਮ ਸਿੰਘ, ਜੱਸਾ ਸਿੰਘ, ਬਲਜਿੰਦਰ ਸਿੰਘ, ਜੋਗਿੰਦਰ ਸਿੰਘ, ਗੁਰਜੰਟ ਸਿੰਘ, ਗੁਰਦਿਆਲ ਸਿੰਘ, ਸੁਖਦੇਵ ਸਿੰਘ, ਗੁਰਤੇਜ ਸਿੰਘ, ਪ੍ਰੀਤ ਸਿੰਘ ਤੇ ਬਾਰੂ ਸਿੰਘ ਸਮੇਤ ਹੋਰ ਪਿੰਡ ਵਾਸੀ ਹਾਜ਼ਰ ਸਨ।

ਲਾਈਨ ਕਲੱਬ ਜਗਰਾਓਂ ਵੱਲੋਂ ਹੀਰਾ ਐਨੀਮਲਜ਼ ਹਸਪਤਾਲ ਸੁਸਾਇਟੀ ਨੂੰ ਦਵਾਈਆਂ ਭੇਟ

ਜਗਰਾਓਂ (ਅਮਿਤ ਖੰਨਾ)-ਹੀਰਾ ਐਨੀਮਲਜ਼ ਹਸਪਤਾਲ ਸੁਸਾਇਟੀ, ਜਿੱਥੇ 24 ਘੰਟੇ ਜ਼ਖਮੀ ਬੇਸਹਾਰਾ ਗਊਆਂ ਤੇ ਹੋਰਨਾਂ ਜੀਵਾਂ ਦਾ ਨਿਸ਼ਕਾਮ ਇਲਾਜ ਕੀਤਾ ਜਾਂਦਾ ਹੈ, ਨੂੰ ਲਾਈਨ ਕਲੱਬ ਜਗਰਾਓਂ ਵੱਲੋਂ ਦਵਾਈਆਂ ਦਾਨ ਵਜੋਂ ਭੇਟ ਕੀਤੀਆਂ ਗਈਆਂ ਤਾਂ ਜੋ ਹਸਪਤਾਲ ਵਿੱਚ ਦਾਖਲ ਗਊਆਂ ਦਾ ਇਲਾਜ ਕੀਤਾ ਜਾ ਸਕੇ। ਹੀਰਾ ਐਨੀਮਲਜ਼ ਹਸਪਤਾਲ ਸੁਸਾਇਟੀ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਹੀਰਾ ਐਨੀਮਲਜ਼ ਹਸਪਤਾਲ ਸੁਸਾਇਟੀ ਨੂੰ ਜ਼ਖਮੀ ਗਊਆਂ ਤੇ ਜੀਵਾਂ ਦੇ ਇਲਾਜ ਲਈ ਦਵਾਈਆਂ ਦੀ ਵੱਡੀ ਜ਼ਰੂਰਤ ਸੀ, ਜਿਸ ਨੂੰ ਲਾਈਨ ਕਲੱਬ ਜਗਰਾਓਂ ਵੱਲੋਂ ਦਾਨ ਕਰਕੇ ਹਸਪਤਾਲ ਦੇ ਕਾਰਜਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਇਸ ਸਮੇਂ ਉਨ੍ਹਾ ਦਵਾਈਆਂ ਦਾਨ ਕਰਨ ਵਾਲੇ ਲਾਈਨ ਕਲੱਬ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਲਾਈਨ ਸਤਪਾਲ ਸਿੰਘ ਗਰੇਵਾਲ, ਮਨਜੀਤ ਇੰਦਰ ਪਾਲ ਸਿੰਘ ਢਿੱਲੋਂ, ਅਮਿਤ ਥਿੰਦ, ਚਰਨਜੀਤ ਸਿੰਘ ਢਿੱਲੋਂ, ਐੱਸ. ਪੀ. ਢਿੱਲੋਂ, ਬਿੰਦਰ ਗਿੱਲ, ਪ੍ਰੀਤਮ ਸਿੰਘ ਰੇਹਲ, ਕੁਲਦੀਪ ਸਿੰਘ ਰੰਧਾਵਾ, ਸੁਭਾਸ਼ ਕਪੂਰ, ਮੇਜਰ ਸਿੰਘ ਭੈਣੀ, ਐੱਚ. ਐੱਸ. ਛਾਬੜਾ, ਵਿਨੋਦ ਵਰਮਾ, ਸੇਵਾਦਾਰ ਕ੍ਰਿਸ਼ਨ ਪਾਲ ਪੰਡਿਤ, ਦਵਿੰਦਰ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

ਦਾਦਾ ਪਾਂਡੂ ਰੰਗ ਸ਼ਾਸ਼ਤਰੀ ਦੇ ਜਨਮ ਦਿਵਸ ਨੂੰ ਮਨੁੱਖੀ ਗੌਰਵ ਦਿਵਸ ਵਜੋਂ ਮਨਾਇਆ

ਸਮਾਣਾ (ਗੁਰਪਿਆਰ ਸਿੰਘ ਬੱਲ)-ਸਵਾਧਿਆਏ ਪਰਵਾਰ ਦੀ ਸਥਾਪਨਾ ਕਰਕੇ ਸਮਾਜ ਤੋਂ ਦਰਕਿਨਾਰ ਅਨੇਕਾਂ ਵਰਗਾ ਨੂੰ ਸਮਾਜ ਦੀ ਮੁੱਖ ਧਾਰਾ 'ਚ ਸ਼ਾਮਲ ਕਰਾਉਣ ਵਾਲੇ ਮਹਾਨ ਸਮਾਜ ਸੁਧਾਰਕ ਪਦਮ ਵਿਭੂਸ਼ਣ, ਮੈਗਸੈਸੇ ਪੁਰਸਕਾਰ ਸਮੇਤ ਅਨੇਕਾਂ ਸਨਮਾਨਾਂ ਨਾਲ ਸਨਮਾਨਤ ਦਾਦਾ ਪਾਂਡੂ ਰੰਗ ਸ਼ਾਸ਼ਤਰੀ ਜੀ ਦਾ 103 ਵਾਂ ਜਨਮ ਦਿਨ ਗੋਪਾਲ ਭਵਨ ਵਿਖੇ ਸਵਾਧਿਆਏ ਪਰਵਾਰ, ਸਮਾਣਾ ਦੀ ਤਰਫੋਂ, ਬੱਚਿਆਂ, ਬਜ਼ੁਰਗਾਂ, ਨੌਜਵਾਨਾਂ/ਲੜਕੀਆਂ ਵੱਲੋਂ ਮਨੁੱਖੀ ਮਾਣ ਦਿਵਸ ਵਜੋਂ ਮਨਾਇਆ ਗਿਆ। ਇਸ ਮੌਕੇ ਦਾਦਾ ਜੀ ਵੱਲੋਂ ਦਰਸਾਏ ਮਾਰਗ ਅਨੁਸਾਰ ਮਨੁੱਖੀ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਸਮਝਾਇਆ ਗਿਆ ਤੇ ਇਸ ਗੱਲ ਦਾ ਮਾਣ ਪੈਦਾ ਕੀਤਾ ਕਿ ਪ੍ਰਮਾਤਮਾ ਸਾਡੇ ਅੰਦਰ ਵੱਸਦਾ ਹੈ। 103 ਭੈਣਾਂ-ਭਰਾਵਾਂ ਨੇ ਡਾਂਸ ਤੇ ਗਾਇਨ ਰਾਹੀਂ ਦਾਦਾ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਉਨ੍ਹਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਅਤੇ ਉਨ੍ਹਾਂ ਵੱਲੋਂ ਦਿੱਤੇ ਵਿਚਾਰਾਂ ਨੂੰ ਜੀਵਨ ਵਿੱਚ ਲਿਆਉਣ ਦਾ ਸੰਕਲਪ ਲਿਆ।

ਫ਼ਿਰੋਜ਼ਪੁਰ ਰੇਲਵੇ ਤੋਂ ਬਡਗਾਮ-ਬਨਿਹਾਲ ਲਈ ਚੱਲੀ ਰੇਲ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਕਸ਼ਮੀਰ ਦੇ ਫ਼ਿਰੋਜ਼ਪੁਰ ਤੋਂ ਬਡਗਾਮ-ਬਨਿਹਾਲ ਸੈਕਸ਼ਨ ਵਿਚਕਾਰ ਚੱਲਣ ਵਾਲੇ ਵਿਸਟਾਡੋਮ ਕੋਚ ਦੀ ਸੇਵਾ ਸ਼ੁਰੂ ਹੋ ਗਈ ਹੈ।ਸ਼ੁੱਕਰਵਾਰ ਨੂੰ ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਨਵੀਂ ਦਿੱਲੀ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਹਰੀ ਝੰਡੀ ਦਿੱਤੀ।ਇਸ ਮੌਕੇ ਸ਼੍ਰੀਨਗਰ ਰੇਲਵੇ ਸਟੇਸ਼ਨ 'ਤੇ ਆਯੋਜਤ ਸਮਾਰੋਹ 'ਚ ਕੇਂਦਰੀ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ, ਸ਼੍ਰੀਨਗਰ ਦੇ ਮੇਅਰ ਜੁਨੈਦ ਅਜ਼ੀਮ ਮੱਟੂ, ਲੋਕ ਸਭਾ ਮੈਂਬਰ ਡਾ. ਫਾਰੂਕ ਅਬਦੁੱਲਾ ਅਤੇ ਡੀਡੀਸੀ ਸ਼੍ਰੀਨਗਰ ਦੇ ਚੇਅਰਮੈਨ ਆਫਤਾਬ ਮਲਿਕ ਆਦਿ ਹਾਜ਼ਰ ਸਨ।ਫ਼ਿਰੋਜ਼ਪੁਰ ਦੇ ਡੀਆਰਐਮ ਸੰਜੇ ਸਾਹੂ ਨੇ ਦੱਸਿਆ ਕਿ ਵਿਸਟਾਡੋਮ ਕੋਚ ਤੋਂ ਕਸ਼ਮੀਰ ਦੇ ਮਨਮੋਹਕ ਨਜ਼ਾਰੇ ਲੰਬੇ ਸਮੇਂ ਤੋਂ ਦੁਨੀਆ ਭਰ ਦੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਰਹੇ ਹਨ, ਜੋ ਕੁਦਰਤੀ ਸੁੰਦਰਤਾ ਨੂੰ ਪਿਆਰ ਕਰਦੇ ਹਨ।

ਕਸ਼ਮੀਰ ਘਾਟੀ ਵਿਚ ਹਰ ਮੌਸਮ ਵਿਚ ਯਾਤਰੀਆਂ ਦੀ ਵਧਦੀ ਗਿਣਤੀ ਨੂੰ ਧਿਆਨ 'ਚ ਰੱਖਦੇ ਹੋਏ ਉਨ੍ਹਾਂ ਨੂੰ ਇੱਕ ਨਵਾਂ ਅਨੁਭਵ ਦੇਣ ਲਈ, ਭਾਰਤੀ ਰੇਲਵੇ ਕਸ਼ਮੀਰ ਖੇਤਰ ਵਿੱਚ ਵਿਸਟਾਡੋਮ ਸੇਵਾਵਾਂ ਸ਼ੁਰੂ ਕਰ ਰਿਹਾ ਹੈ।ਭਾਰਤੀ ਰੇਲਵੇ ਦਾ ਬਨਿਹਾਲ-ਬਾਰਾਮੂਲਾ ਸੈਕਸ਼ਨ ਪੀਰ-ਪੰਜਾਲ ਹਿਮਾਲੀਅਨ ਰੇਂਜਾਂ ਤੇ ਕਸ਼ਮੀਰ ਘਾਟੀ ਵਿੱਚ ਆਪਣੀ ਸ਼ਾਨਦਾਰ ਯਾਤਰਾ ਲਈ ਮਸ਼ਹੂਰ ਹੈ।ਵਿਸਟਾਡੋਮ ਕੋਚ ਇੱਕ ਖਾਸ ਤੌਰ 'ਤੇ ਤਿਆਰ ਕੀਤਾ ਗਿਆ ਰੇਲਵੇ ਕੈਰੇਜ ਹੈ।ਇਹ ਯਾਤਰੀਆਂ ਨੂੰ ਆਲੇ-ਦੁਆਲੇ ਦੇ ਲੈਂਡਸਕੇਪ ਦਾ ਸ਼ਾਨਦਾਰ ਦ੍ਰਿਸ਼ ਪ੍ਰਦਾਨ ਕਰੇਗਾ।ਇੱਕ ਕੋਚ ਵਿੱਚ 40 ਯਾਤਰੀਆਂ ਦੇ ਬੈਠਣ ਦੀ ਵਿਵਸਥਾ ਹੈ।ਇਹ ਚੌੜੀਆਂ ਖਿੜਕੀਆਂ, ਘੁੰਮਦੀਆਂ ਕੁਰਸੀਆਂ ਤੇ ਕੱਚ ਦੀ ਛੱਤ ਨਾਲ ਲੈਸ ਹੈ, ਜੋ ਯਾਤਰੀਆਂ ਨੂੰ ਸੁੰਦਰ ਮਾਹੌਲ ਦ

21--Otc-PAGE- 3 qxd.qxd 10/20/2023 9:37 PM Page 1

ਫਲਸਤੀਨੀਆਂ ਦਾ ਉਜਾੜਾ ਅੱਤ ਦੁਖਦਾਈ : ਲੋਕ ਸੰਗਰਾਮ ਮੋਰਚਾ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਲੋਕ ਸੰਗਰਾਮ ਮੋਰਚਾ ਪੰਜਾਬ ਦੇ ਮਾਝਾ ਜ਼ੋਨ ਦੇ ਕਨਵੀਨਰ ਕਰਮ ਸਿੰਘਸਿੰਘ ਰਾਜਾਸਾਂਸੀ ਅਤੇ ਸੀਨੀਅਰ ਆਗੂ ਮਾਸਟਰ ਗੁਰਚਰਨ ਟਾਹਲੀ ਨੇ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਇਜ਼ਰਾਈਲੀ ਹਾਕਮਾਂ ਵਲੋਂ ਫਲਸਤੀਨੀ ਲੋਕਾਂ ਦਾ ਮੁਕੰਮਲ ਉਜਾੜਾ ਕਰਨ ਲਈ ਗਾਜ਼ਾ ਪੱਟੀ ਤੇ ਬੋਲਿਆ ਹਮਲਾ ਅੱਤ ਭਿਆਨਕ ਰੂਪ ਅਖਤਿਆਰ ਕਰ ਗਿਆ ਹੈ। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਦੇ ਪ੍ਰੈੱਸ ਸਕੱਤਰ ਡਾ. ਅਸ਼ੋਕ ਭਾਰਤੀ ਵਲੋਂ ਜਾਰੀ ਕੀਤੇ ਗਏ ਪ੍ਰੈੱਸ ਬਿਆਨ ਵਿੱਚ ਦੋਹਾਂ ਆਗੂਆਂ ਨੇ ਕਿਹਾ ਕਿ ਦੂਸਰੀ ਸੰਸਾਰ ਜੰਗ ਤੋਂ ਬਾਅਦ ਜਿਵੇਂ ਯਹੂਦਵਾਦ ਨੂੰ ਹੱਲਾਸ਼ੇਰੀ ਦੇ ਕੇ ਫਲਸਤੀਨੀਆਂ ਦੇ ਘਰ ਵਿਚ ਵਸਾ ਕੇ ਅਤੇ ਫਲਸਤੀਨੀਆਂ ਨੂੰ ਆਪਣੇ ਹੀ ਦੇਸ਼ ਵਿੱਚੋਂ ਉਜਾੜ ਕੇ ਗਾਜ਼ਾ ਪੱਟੀ ਦੇ ਸਿਰਫ 60 ਕਿਲੋਮੀਟਰ ਲੰਬੇ ਅਤੇ 4 ਕਿਲੋਮੀਟਰ ਚੌੜੇ ਖੇਤਰ ਵਿਚ ਕੈਦ ਕਰ ਕੇ ਬੰਦੀ ਬਣਾ ਕੇ ਅੱਤ ਮਾੜੀਆਂ ਹਾਲਤਾਂ ਵਿੱਚ ਜਿਊਣ ਲਈ ਮਜਬੂਰ ਕਰ ਦਿੱਤਾ ਗਿਆ। ਇਹ ਸਾਰਾ ਕੁੱਝ ਅਮਰੀਕੀ ਸਾਮਰਾਜ ਅਤੇ ਉਸ ਦੇ ਭਾਈਵਾਲਾਂ ਦੀ ਛੱਤਰ ਛਾਇਆ ਹੇਠ ਹੋਇਆ ਹੈ। ਹੁਣੇ-ਹੁਣੇ ਹਮਾਸ ਵਲੋਂ ਹਮਲੇ ਦੇ ਨਾਂ ਹੇਠ ਇਜ਼ਰਾਈਲ ਵਲੋਂ ਫਲਸਤੀਨ 'ਤੇ ਬੋਲਿਆ ਹਮਲਾ ਜਿਸ ਵਿਚ ਆਮ ਲੋਕਾਂ ਹਸਪਤਾਲਾਂ ਨੂੰ ਜਿਵੇਂ ਨਿਸ਼ਾਨਾ ਬਣਾਇਆ ਗਿਆ ਹੈ ਅਤੇ 10 ਲੱਖ ਫਲਸਤੀਨੀਆਂ ਨੂੰ ਤੁਰੰਤ ਇਲਾਕੇ ਵਿਚੋਂ ਬਾਹਰ ਨਿਕਲ ਜਾਣ ਲਈ ਹੁਕਮ ਚਾੜ੍ਹੇ ਗਏ ਹਨ ਉਸ ਤੋਂ ਸਾਫ ਹੈ ਕਿ ਅਮਰੀਕੀ ਹਾਕਮਾਂ ਦੀ ਸ਼ਹਿ 'ਤੇ ਇਜ਼ਰਾਈਲੀ ਹਾਕਮ ਫਲਸਤੀਨੀਆਂ ਨੂੰ ਮੁਕੰਮਲ ਤੌਰ 'ਤੇ ਉਜਾੜ ਕੇ ਫਲਸਤੀਨ ਦੀ ਸਰਜ਼ਮੀਨ 'ਤੇ ਪੱਕਾ ਅਤੇ ਮੁਕੰਮਲ ਰਾਜ ਕਰਨਾ ਚਾਹੁੰਦੇ ਹਨ। ਲੋਕ ਸੰਗਰਾਮ ਦੇ ਆਗੂਆਂ ਨੇ ਸਭ ਕਿਰਤੀ ਇਨਸਾਫ ਪਸੰਦ ਅਗਾਂਹਵਧੂ ਲੋਕਾਂ ਅਤੇ ਕਿਸਾਨਾਂ/ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਜੰਗ ਦੇ ਨਾਂ 'ਤੇ ਫਲਸਤੀਨੀ ਲੋਕਾਂ ਉਤੇ ਬੋਲੇ ਭਿਆਨਕ ਹਮਲੇ ਅਤੇ ਨਸਲਕੁਸ਼ੀ ਦਾ ਵਿਰੋਧ ਕਰਨ ਲਈ ਅੱਗੇ ਆਉਣ।

ਨਸ਼ਿਆਂ ਵਿਰੁੱਧ ਵੱਖ-ਵੱਖ ਕਸਬਿਆਂ 'ਚ ਜਾਗਰੂਕਤਾ ਰੈਲੀ ਕੱਢੀ

ਮੀਆਂਵਿੰਡ (ਰਵੀ ਖਹਿਰਾ)-ਪੁਲਸ ਵੱਲੋਂ ਨਸ਼ਿਆਂ ਵਿਰੁੱਧ ਵਿਸ਼ੇਸ਼ ਉਪਰਾਲਾ ਕਰਦੇ ਹੋਏ ਇੱਕ ਜਾਗਰੂਕਤਾ ਰੈਲੀ ਸ੍ਰੀ ਗੁਰੂ ਅਮਰਦਾਸ ਆਦਰਸ਼ ਇੰਸਟੀਟਿਊਟ, ਸਕੂਲ ਗੋਇੰਦਵਾਲ ਸਾਹਿਬ ਦੀ ਮੈਨੇਜਮੈਂਟ ਅਤੇ ਬੱਚਿਆਂ ਵੱਲੋਂ ਗੋਇੰਦਵਾਲ ਸਾਹਿਬ ਤੋਂ ਆਰੰਭ ਕਰਦੇ ਵੱਖ-ਵੱਖ ਕਸਬਿਆਂ ਖਡੂਰ ਸਾਹਿਬ, ਕੰਗ, ਫਤਿਆਬਾਦ ਆਦਿ ਵਿਚੋਂ ਕੱਢੀ ਗਈ। ਇਸ ਮੌਕੇ ਡੀਐੱਸਪੀ ਰਵੀਸ਼ੇਰ ਗੋਇੰਦਵਾਲ ਸਾਹਿਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਰੈਲੀ ਆਮ ਜਨਤਾ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨ ਲਈ ਕੱਢੀ ਜਾ ਰਹੀ ਹੈ। ਇਸ ਮੌਕੇ ਬੱਚਿਆਂ ਬਹੁਤ ਵੱਡਾ ਯੋਗਦਾਨ ਪਾਇਆ ਗਿਆ ਅਤੇ ਅਸੀਂ ਅਪੀਲ ਕਰਦੇ ਹਾਂ ਕਿ ਨਸ਼ਿਆਂ ਦੇ ਖਾਤਮੇ ਲਈ ਪੁਲਸ ਪ੍ਰਸ਼ਾਸਨ ਦਾ ਪਬਲਿਕ ਵੀ ਸਹਿਯੋਗ ਦੇਵੇ। ਇਸ ਮੌਕੇ ਗੋਇੰਦਵਾਲ ਸਾਹਿਬ ਸਕੂਲ ਦੇ ਡਾਇਰੈਕਟਰ ਜਸਪਾਲ ਸਿੰਘ ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਪ੍ਰਸ਼ਾਸਨ ਵੱਲੋਂ ਸਾਡੇ ਸਕੂਲ ਵੀ ਨਸ਼ਿਆਂ ਵਿਰੁੱਧ ਸੈਮੀਨਾਰ ਕਰਵਾਇਆ ਗਿਆ। ਅੱਜ ਉਸ ਨੂੰ ਦੇਖਦੇ ਹੋਏ ਸਾਡੇ ਵੱਲੋਂ ਵੀ ਫੈਸਲਾ ਲਿਆ ਗਿਆ ਕਿ ਨਸ਼ਿਆਂ ਵਿਰੁੱਧ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਇਕ ਜਾਗਰੂਕਤਾ ਰੈਲੀ ਕੱਢੀ ਜਾਵੇ ਅਤੇ ਵਿਸ਼ੇਸ਼ ਤੌਰ ਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾਵੇ।

ਮੀਆਂਵਿੰਡ ਵਿਖੇ ਲਗਾਏ ਜਾ ਰਹੇ ਚਿੱਪ ਵਾਲੇ ਮੀਟਰਾਂ ਦਾ ਸਖਤ ਵਿਰੋਧ

ਮੀਆਂਵਿੰਡ (ਰਵੀ ਖਹਿਰਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਖਡੂਰ ਸਾਹਿਬ ਦੇ ਅਧੀਨ ਆਉਂਦੇ ਨਗਰ ਮੀਆਂ ਵਿੰਡ ਦੇ ਜ਼ਿਲ੍ਹਾ ਮੀਤ ਪ੍ਰਧਾਨ ਦਿਆਲ ਸਿੰਘ ਵੱਲੋਂ ਬਿਜਲੀ ਬੋਰਡ ਦੇ ਅਧਿਕਾਰੀਆਂ ਵਿਰੁੱਧ ਪਿੰਡ ਮੀਆਂਵਿੰਡ ਵਿੱਚ ਲਗਾਏ ਜਾ ਰਹੇ ਚਿੱਪ ਵਾਲੇ ਮੀਟਰਾਂ ਦਾ ਸਖਤ ਵਿਰੋਧ ਕੀਤਾ ਗਿਆ ਜਿੱਥੇ ਬੀਬੀਆਂ/ਮਾਤਾਵਾਂ/ ਭੈਣਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਦਿਆਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਅੱਜ ਪੰਜਾਬ ਦਾ ਹਰੇਕ ਵਰਗ ਤੰਗ ਪਰੇਸ਼ਾਨ ਹੈ। ਪੰਜਾਬ ਸਰਕਾਰ ਨੇ ਹਮੇਸ਼ਾ ਹੀ ਪੰਜਾਬ ਦੇ ਲੋਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਹੜ੍ਹਾਂ ਦੌਰਾਨ ਖਰਾਬ ਹੋਈਆਂ ਫਸਲਾਂ ਦਾ ਪੰਜਾਬ ਸਰਕਾਰ ਨੇ ਅਜੇ ਤੱਕ ਕੋਈ ਮੁਆਵਜ਼ਾ ਨਹੀਂ ਦਿੱਤਾ ਹੈ। ਲਖੀਮਪੁਰ ਖੀਰੀ ਮੋਰਚੇ ਦੌਰਾਨ ਸ਼ਹੀਦ ਹੋਏ ਕਿਸਾਨਾਂ ਦਾ ਅਜੇ ਤੱਕ ਇਨਸਾਫ ਨਹੀਂ ਮਿਲਿਆ, ਅਜੇ ਮਿਸ਼ਰਾ ਦੇ ਗੁੰਡੀਆਂ ਵਲੋਂ ਕਿਸਾਨ ਆਗੂਆਂ ਉਪੱਰ ਹੋਏ ਹਮਲੇ ਦਾ ਇਨਸਾਫ ਲਾਣਾ ਅਜੇ ਬਾਕੀ ਹੈ, ਉਸਮਾ ਟੋਲ ਪਲਾਜ਼ਾ ਉਪੱਰ ਸੰਘਰਸ਼ ਦੇ ਦੌਰਾਨ ਕਿਸਾਨਾਂ ਉਪੱਰ ਹੋਏ ਪਰਚੇ ਰੱਦ ਨਹੀ ਕੀਤੇ ਗਏ। 23 ਫਸਲਾਂ ਤੇ ਗਰੰਟੀ ਕਾਨੂੰਨ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ, ਮਨਰੇਗਾ ਸਕੀਮ ਤਹਿਤ ਮਜ਼ਦੂਰਾਂ ਦਾ 200 ਦਿਨ ਦਾ ਰੋਜ਼ਗਾਰ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਆਪਣੀਆਂ ਕੋਝੀਆਂ ਚਾਲਾਂ ਤੋਂ ਬਾਜ਼ ਨਾ ਆਈ ਤਾਂ ਆਉਣ ਵਾਲੇ ਦਿਨਾਂ ਵਿੱਚ ਐਕਸ਼ਨ ਵੱਡੇ ਪੱਧਰ 'ਤੇ ਕੀਤੇ ਜਾਣਗੇ।

ਇਸ ਮੌਕੇ ਮਨਜੀਤ ਕੌਰ, ਸਰਬਜੀਤ ਕੌਰ, ਕੰਵਲਜੀਤ ਕੌਰ, ਬਿਕਰਮਜੀਤ ਸਿੰਘ ਪ੍ਰੈੱਸ ਸਕੱਤਰ ਆਦਿ ਹਾਜ਼ਰ ਸਨ।

ਹਨੂੰਮਾਨ ਚੌਕ ਵਿਖੇ ਸੀਤਾ ਸਵੰਬਰ ਦਾ ਮਨਮੋਹਕ ਮੰਚਨ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਹਨੂੰਮਾਨ ਚੌਕ ਵਿਖੇ ਮਹਾਵੀਰ ਰਾਮ ਡਰਾਮਾ ਕਲੱਬ ਵੱਲੋਂ ਕਰਵਾਈ ਗਈ ਰਾਮਲੀਲਾ ਵਿੱਚ ਸੀਤਾ ਸਵੰਬਰ ਦਾ ਦ੍ਰਿਸ਼ ਬਹੁਤ ਹੀ ਸ਼ਾਨਦਾਰ ਰਿਹਾ। ਅੱਜ ਦੀ ਰਾਮਲੀਲ੍ਹਾ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸ਼ਹਿਰੀ ਪ੍ਰਧਾਨ ਗਗਨ ਸ਼ਰਮਾ, ਵਿਭਾਗ ਮੰਤਰੀ ਜਤਿੰਦਰ ਸ਼ਰਮਾ, ਸਿਟੀ ਮੀਤ ਪ੍ਰਧਾਨ ਅਜੈ ਸੂਬੇਦਾਰ, ਰਾਕੇਸ਼ ਕੁਮਾਰ, ਮੋਹਨ ਲਾਲ ਸ਼ਰਮਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਰਾਮਲੀਲ੍ਹਾ ਦੇ ਦ੍ਰਿਸ਼ ਦਾ ਉਦਘਾਟਨ ਕਲੱਬ ਦੇ ਪ੍ਰਬੰਧਕ ਵਿਜੇ ਕੁਮਾਰ, ਜੋਗਿੰਦਰ ਨੇ ਕੀਤਾ। ਹੈਪੀ, ਮਨੂ ਕੁਮਾਰ, ਰਾਜੇਸ਼ ਕੁਮਾਰ ਨੇ ਮੁੱਖ ਮਹਿਮਾਨਾਂ ਦਾ ਸਿਰੋਪਾਓ ਪਾ ਕੇ ਸਵਾਗਤ ਕੀਤਾ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤੇ। ਅੱਜ ਦੇ ਦ੍ਰਿਸ਼ ਵਿੱਚ ਰਾਜਾ ਜਨਕ ਦੇ ਦਰਬਾਰ ਵਿੱਚ ਕਈ ਯੋਧਿਆਂ ਨੇ ਸ਼ਿਵ ਧਨੁਸ਼ ਨੂੰ ਤੋੜਨ ਦੀ ਅਸਫਲ ਕੋਸ਼ਿਸ਼ ਕੀਤੀ। ਅੰਤ ਵਿੱਚ ਭਗਵਾਨ ਰਾਮ ਦੁਆਰਾ ਸ਼ਕਤੀਸ਼ਾਲੀ ਸ਼ਿਵ ਧਨੁਸ਼ ਨੂੰ ਤੋੜ ਦਿੱਤਾ ਗਿਆ ਅਤੇ ਭਗਵਾਨ ਰਾਮ ਅਤੇ ਸੀਤਾ ਜੀ ਦਾ ਵਿਆਹ ਸੰਪੰਨ ਹੋ ਗਿਆ। ਇਸ ਦੌਰਾਨ ਵੱਡੀ ਗਿਣਤੀ 'ਚ ਪੰਡਾਲ 'ਚ ਮੌਜੂਦ ਲੋਕਾਂ ਨੇ ਤਾੜੀਆਂ ਵਜਾ ਕੇ ਕਲਾਕਾਰਾਂ ਦੀ ਪੇਸ਼ਕਾਰੀ ਦੀ ਸ਼ਲਾਘਾ ਕੀਤੀ।

ਮਾਨ ਨੇ ਗੁਰਦਾਸਪੁਰ-ਮੁਕੇਰੀਆਂ ਮਾਰਗ ਨੂੰ ਚਾਰ ਮਾਰਗੀ ਕਰਨ ਦਾ ਮੁੱਦਾ ਕੇਂਦਰ ਕੋਲ ਉਠਾਇਆ

ਗੁਰਦਾਸਪੁਰ, (ਜਨਕ ਮਹਾਜਨ)- ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਵਲੋਂ ਪਿਛਲੇ ਸਮੇਂ ਤੋਂ ਗੁਰਦਾਸਪੁਰ-ਮੁਕੇਰੀਆਂ ਮਾਰਗ ਨੂੰ ਚਾਰ ਮਾਰਗੀ ਕਰਨ ਲਈ ਪੂਰੀ ਸੁਹਿਰਦਤਾ ਨਾਲ ਯਤਨ ਕੀਤੇ ਜਾ ਰਹੇ ਹਨ। ਇਸੇ ਸਬੰਧੀ ਸੇਖਵਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕਰਕੇ ਇਸ ਮੁੱਦੇ ਨੂੰ ਉਠਾਇਆ ਗਿਆ ਸੀ। ਇਨ੍ਹਾਂ ਯਤਨਾਂ ਸਦਕਾ ਮੁੱਖ ਮੰਤਰੀ ਵੱਲੋਂ ਕੇਂਦਰੀ ਮੰਤਰੀ ਨਿਤਿਨ ਗਡਕਰੀ ਕੋਲ ਗੁਰਦਾਸਪੁਰ-ਮੁਕੇਰੀਆਂ ਮਾਰਗ ਨੂੰ ਚਾਰ ਮਾਰਗੀ ਕਰਨ ਦਾ ਮੁੱਦਾ ਉਠਾਇਆ ਗਿਆ ਹੈ ਜਿਸ ਉਪਰ ਉਨ੍ਹਾਂ ਵੱਲੋਂ ਹਾਂ-ਪੱਖੀ ਹੁੰਗਾਰਾ ਦਿੱਤਾ ਗਿਆ ਹੈ। ਮੁੱਖ ਮੰਤਰੀ ਮਾਨ ਵੱਲੋਂ ਕੇਂਦਰ ਸਰਕਾਰ ਨਾਲ ਇਹ ਮੁੱਦਾ ਉਠਾਏ ਜਾਣ 'ਤੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਚੇਅਰਮੈਨ ਸੇਖਵਾਂ ਨੇ ਕਿਹਾ ਕਿ ਇਹ ਮੁੱਦਾ ਲੋਕਾਂ ਨਾਲ ਜੁੜਿਆ ਹੋਇਆ ਹੈ ਅਤੇ ਲੰਮੇ ਸਮੇਂ ਤੋਂ ਲੋਕ ਇਸਦੀ ਮੰਗ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ-ਮੁਕੇਰੀਆਂ ਮਾਰਗ ਦੀ ਕੁੱਲ ਲੰਬਾਈ 23.80 ਕਿਲੋ ਮੀਟਰ ਹੈ, ਜਿਸ ਵਿੱਚੋਂ 16.60 ਕਿਲੋ ਮੀਟਰ ਦੀ ਲੰਬਾਈ ਜ਼ਿਲ੍ਹਾ ਗੁਰਦਾਸਪੁਰ ਅਧੀਨ ਅਤੇ ਬਾਕੀ 7.20 ਕਿਲੋ ਮੀਟਰ ਲੰਬਾਈ ਜ਼ਿਲ੍ਹਾ ਹੁਸ਼ਿਆਰਪੁਰ ਅਧੀਨ ਹੈ। ਉਨ੍ਹਾਂ ਕਿਹਾ ਕਿ ਇਹ ਸੜਕ ਮੇਜਰ ਡਿਸਟ੍ਰਿਕਟ ਰੋਡ ਹੈ, ਜਿਸ ਦਾ ਰੋਡ ਕੋਡ -67 ਹੈ। ਇਹ ਸੜਕ 2 ਨੈਸ਼ਨਲ ਹਾਈਵੇ ਅੰਮ੍ਰਿਤਸਰ ਤੋਂ ਪਠਾਨਕੋਟ (-54) ਅਤੇ ਪਠਾਨਕੋਟ ਤੋਂ ਜਲੰਧਰ (-44) ਨੂੰ ਜੋੜਦੀ ਹੈ। ਉਨ੍ਹਾਂ ਕਿਹਾ ਕਿ ਆਮ ਤੌਰ ਤੇ ਜੰਮੂ ਅਤੇ ਸ੍ਰੀਨਗਰ ਨੂੰ ਆਉਣ-ਜਾਣ ਲਈ ਟੂਰਿਸਟ ਅਤੇ ਟਰਾਂਸਪੋਟੇਸਨ ਆਦਿ ਇਸ ਰੂਟ ਦੀ ਵਰਤੋਂ ਕਰਦੇ ਹਨ ਕਿਉਂਕਿ ਇਹ ਸਾਰਟ ਰੂਟ ਹੈ। ਇਸ ਸੜਕ 'ਤੇ ਕਈ ਪਿੰਡ ਪੈਂਦੇ ਹਨ। ਕਿਸਾਨ ਆਪਣੀਆਂ ਗੰਨੇ ਆਦਿ ਦੀਆਂ ਫਸਲਾਂ ਨੂੰ ਸ਼ਗਰ ਮਿੱਲ ਦਸੂਆ ਅਤੇ ਮੁਕੇਰੀਆਂ ਨੂੰ ਲਿਜਾਣ ਲਈ ਇਸ ਸੜਕ ਦੀ ਵਰਤੋਂ ਕਰਦੇ ਹਨ। ਸੇਖਵਾਂ ਨੇ ਕਿਹਾ ਕਿ ਜਲਦੀ ਹੀ ਇਹ ਪ੍ਰੋਜੈਕਟ ਮਨਜ਼ੂਰ ਹੋ ਜਾਵੇਗਾ।

ਮਨਜਿੰਦਰ ਸਿੰਘ ਸਿਰਸਾ ਵੱਲੋਂ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨਾਲ ਮੁਲਾਕਾਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਭਾਜਪਾ ਦੇ ਕੌਮੀ ਸਕੱਤਰ ਮਨਜਿੰਦਰ ਸਿੰਘ ਸਿਰਸਾ ਦੇ ਨਾਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠਲੇ ਵਫਦ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨਾਲ ਮੁਲਾਕਾਤ ਕਰ ਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਾਸਤੇ ਨਿਰੰਕਾਰੀਆਂ ਤੇ ਡੇਰਾ ਸਿਰਸਾ ਪ੍ਰੇਮੀਆਂ ਦੀਆਂ ਵੋਟਾਂ ਬਣਨ ਦੇ ਮਾਮਲੇ ਨੂੰ ਉਠਾਇਆ ਜਿਸਨੂੰ ਮੁੱਖ ਮੰਤਰੀ ਨੇ ਹੱਲ ਕਰਨ ਵਾਸਤੇ ਫੌਰੀ ਹੁਕਮ ਜਾਰੀ ਕੀਤੇ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਸਿਰਸਾ ਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਵਫਦ ਨੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੱਸਿਆ ਕਿ ਹਰਿਆਣਾ ਵਿਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਾਸਤੇ ਵੋਟਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਾਸਤੇ ਨਿਰੰਕਾਰੀਆਂ ਤੇ ਡੇਰਾ ਸਿਰਸਾ ਪ੍ਰੇਮੀਆਂ ਵੱਲੋਂ ਵੀ ਵੋਟਾਂ ਬਣਵਾਈਆਂ ਗਈਆਂ ਹਨ ਜਿਨ੍ਹਾਂ ਦੀ ਸ਼ਿਕਾਇਤ ਅਸੀਂ ਮੁੱਖ ਮੰਤਰੀ ਕੋਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੇ ਤੁਰੰਤ ਕਾਰਵਾਈ ਕਰਦਿਆਂ ਪਹਿਲਾਂ ਬਣੀਆਂ ਸਾਰੀਆਂ ਵੋਟਾਂ ਰੱਦ ਕਰਨ ਦੇ ਹੁਕਮ ਦਿੱਤੇ ਹਨ ਤੇ ਹੁਣ ਵੋਟਾਂ ਬਣਾਉਣ ਵਾਸਤੇ ਫਾਰਮ ਵਿਚ ਵੀ ਸੋਧ ਕਰ ਕੇ ਇਹ ਮੱਦਾ ਸ਼ਾਮਲ ਕੀਤਾ ਗਿਆ ਹੈ ਕਿ ਜੋ ਵਿਅਕਤੀ ਵੋਟ ਬਣਵਾਉਣ ਵਾਸਤੇ ਅਪਲਾਈ ਕਰੇਗਾ, ਉਹ ਲਿਖਤੀ ਭਰੋਸਾ ਦੇਵੇਗਾ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਰੱਖਣ ਵਾਲਾ ਸਿੱਖ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦਾ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਵੱਡਾ ਫੈਸਲਾ ਹੈ ਜਿਸ ਵਾਸਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੀ ਧੰਨਵਾਦੀ ਰਹੇਗੀ। ਉਨ੍ਹਾਂ ਕਿਹਾ ਕਿ ਨਿਰੋਲ ਸਿੱਖ ਵੋਟਾਂ ਬਣਾਉਣ ਵਾਸਤੇ ਇਹ ਬਹੁਤ ਵੱਡਾ ਫੈਸਲਾ ਹੈ। ਉਨ੍ਹਾਂ ਦੱਸਿਆ ਕਿ ਇਹ ਮਸਲਾ ਅਸਲ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਮੌਜੂਦਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਸਾਹਮਣੇ ਲਿਆਂਦਾ ਸੀ ਜਿਨ੍ਹਾਂ ਦੱਸਿਆ ਸੀ ਕਿ ਕਿਵੇਂ ਨਿਰੰਕਾਰੀਆਂ ਤੇ ਡੇਰਾ ਸਿਰਸਾ ਪ੍ਰੇਮੀਆਂ ਦੀਆਂ ਵੋਟਾਂ ਬਣ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਦਿੱਲੀ ਗੁਰਦੁਆਰਾ ਕਮੇਟੀ ਦੇ ਇਤਰਾਜ਼ ਮਗਰੋਂ ਇਹ ਮਸਲਾ ਸਥਾਈ ਤੌਰ 'ਤੇ ਹੱਲ ਹੋ ਗਿਆ ਹੈ।

ਕੰਬਾਇਨਾਂ ਨਾਲ ਝੋਨੇ ਦੀ ਕਟਾਈ ਕਰਨ ਦਾ ਸਮਾਂ ਬਦਲਿਆ

ਗੁਰਦਾਸਪੁਰ (ਜਨਕ ਮਹਾਜਨ)-ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਸੁਭਾਸ਼ ਚੰਦਰ ਵੱਲੋਂ ਨਵੇਂ ਹੁਕਮਾਂ ਅਨੁਸਾਰ ਹੁਣ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਕੰਬਾਇਨ ਰਾਹੀਂ ਝੋਨੇ ਦੀ ਕਟਾਈ ਕੀਤੀ ਜਾ ਸਕੇਗੀ। ਇਸ ਤੋਂ ਬਾਅਦ ਸ਼ਾਮ 5 ਵਜੇ ਤੋਂ ਸਵੇਰੇ 10 ਕੰਬਾਇਨ ਰਾਹੀਂ ਝੋਨੇ ਦੀ ਕਟਾਈ ਉਪਰ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ। ਪਾਬੰਦੀ ਦ

21-oct-PAGE-4-2.qxd 10/20/2023 9:40 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 21 ਅਕਤੂਬਰ 2023

ਮੋਦੀ ਸਰਕਾਰ ਦਾ ਤਬਾਹਕੁੰਨ ਕਦਮ

ਮੋਦੀ ਰਾਜ ਦੌਰਾਨ ਦੇਸ਼ ਦੀ ਅਰਥ-ਵਿਵਸਥਾ ਦਾ ਘਾਣ ਹੋ ਚੁੱਕਾ ਹੈ। ਪੈਟਰੋਲ, ਡੀਜ਼ਲ ਤੇ ਗੈਸ 'ਤੇ ਟੈਕਸ ਵਧਾ ਕੇ ਇਕੱਠਾ ਕੀਤਾ ਗਿਆ ਧਨ ਮੋਦੀ ਦੇ ਮਿੱਤਰ ਕਾਰਪੋਰੇਟਾਂ ਨੂੰ ਝੋਲੀਆਂ ਭਰ-ਭਰ ਕੇ ਵੰਡ ਦਿੱਤਾ ਗਿਆ ਹੈ। ਸਿੱਟੇ ਵਜੋਂ ਮਹਿੰਗਾਈ ਨੇ ਆਮ ਲੋਕਾਂ ਦਾ ਜੀਣਾ ਦੁੱਭਰ ਕਰ ਦਿੱਤਾ ਹੈ। ਪਿਛਲੇ ਦੋ ਦਿਨਾਂ ਦੌਰਾਨ ਮੀਡੀਆ ਦੇ ਕੁਝ ਹਿੱਸਿਆਂ ਵਿੱਚ ਇਹ ਅੱਖਾਂ ਖੋਲ੍ਹਣ ਵਾਲੀ ਖ਼ਬਰ ਛਪੀ ਹੈ ਕਿ ਮੋਦੀ ਰਾਜ ਦੇ 9 ਸਾਲਾਂ ਦੌਰਾਨ ਵੱਡੇ ਧਨ-ਕੁਬੇਰਾਂ ਦਾ 25 ਲੱਖ ਕਰੋੜ ਰੁਪਏ ਦਾ ਕਰਜ਼ਾ ਵੱਟੇ-ਖਾਤੇ ਪਾ ਦਿੱਤਾ ਗਿਆ ਹੈ।

ਗੁਜਰਾਤ ਦੇ ਸਮਾਜਿਕ ਕਾਰਕੁਨ ਸੰਜੇ ਏਝਾਵਾ ਵੱਲੋਂ ਸੂਚਨਾ ਅਧਿਕਾਰ ਅਧੀਨ ਮੰਗੀ ਗਈ ਜਾਣਕਾਰੀ ਦੇ ਜਵਾਬ ਵਿੱਚ ਰਿਜ਼ਰਵ ਬੈਂਕ ਆਫ਼ ਇੰਡੀਆ (ਆਰ ਬੀ ਆਈ) ਨੇ ਇਹ ਅੰਕੜੇ ਪੇਸ਼ ਕੀਤੇ ਹਨ। ਹੁਣ ਤੱਕ ਇਹੋ ਅੰਦਾਜ਼ਾ ਸੀ ਕਿ ਵੱਟੇ-ਖਾਤੇ ਪਾਈ ਗਈ ਰਕਮ 10 ਤੋਂ 15 ਲੱਖ ਕਰੋੜ ਹੋ ਸਕਦੀ ਹੈ। ਇਨ੍ਹਾਂ ਅੰਕੜਿਆਂ ਤੋਂ ਸਾਹਮਣੇ ਆਇਆ ਹੈ ਕਿ ਇਹ ਰਕਮ ਅੰਦਾਜ਼ੇ ਤੋਂ ਕਿਤੇ ਵੱਧ ਕਰੀਬ 25 ਲੱਖ ਕਰੋੜ ਰੁਪਏ ਹੈ। ਏਨੀ ਵੱਡੀ ਰਕਮ ਨੂੰ ਵੱਟੇ-ਖਾਤੇ ਪਾਉਣ ਨੇ ਭਾਰਤ ਦੀ ਆਰਥਿਕਤਾ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਹਨ।

ਆਰ ਬੀ ਆਈ ਤੋਂ ਮਿਲੀ ਜਾਣਕਾਰੀ ਅਨੁਸਾਰ ਮੋਦੀ ਰਾਜ ਦੇ ਦੋ ਕਾਰਜਕਾਲਾਂ ਦੌਰਾਨ 2014 ਤੋਂ 2023 ਤੱਕ ਜਨਤਕ ਖੇਤਰ ਦੇ ਬੈਂਕਾਂ ਨੂੰ 10.41 ਲੱਖ ਕਰੋੜ ਤੇ ਵਪਾਰਕ ਬੈਂਕਾਂ ਨੂੰ 14.53 ਲੱਖ ਕਰੋੜ ਦੇ ਕਰਜ਼ਿਆਂ ਨੂੰ 'ਰਾਈਟ ਆਫ਼' ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਪੂਰੀ ਰਕਮ ਦਾ ਜੋੜ 24.94 ਲੱਖ ਕਰੋੜ ਬਣਦਾ ਹੈ। ਆਰ ਬੀ ਆਈ ਨੇ ਸਿਰਫ਼ ਰਕਮਾਂ ਦਾ ਖੁਲਾਸਾ ਕੀਤਾ ਹੈ, ਡਿਫਾਲਟਰ ਧਨ-ਕੁਬੇਰਾਂ ਦਾ ਨਾਂਅ ਦੱਸਣ ਤੋਂ ਗੁਰੇਜ਼ ਕੀਤਾ ਹੈ। ਭਾਰਤੀ ਰਿਜ਼ਰਵ ਬੈਂਕ ਦੀ ਕਰਜ਼ਦਾਰਾਂ ਦੇ ਅੰਕੜੇ ਇਕੱਠੇ ਕਰਨ ਵਾਲੀ ਸੰਸਥਾ ਸੀ ਆਰ ਆਈ ਐੱਲ ਸੀ ਕੇ ਦੱਸਿਆ ਸੀ ਕਿ ਇਹ ਮਾਫੀਨਾਮੇ ਵਾਲੇ ਕਰਜ਼ਦਾਰ 5 ਕਰੋੜ ਤੋਂ ਵੱਧ ਵਾਲੇ 4 ਹਜ਼ਾਰ ਦੇ ਕਰੀਬ ਹਨ।

ਮੋਦੀ ਰਾਜ ਤੋਂ ਪਹਿਲਾਂ ਮਨਮੋਹਨ ਸਿੰਘ ਸਰਕਾਰ ਵੱਲੋਂ ਵੱਟੇ-ਖਾਤੇ ਪਾਏ ਕਰਜ਼ਿਆਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਯੂ ਪੀ ਏ ਨੇ ਦੋ ਕਾਰਜਕਾਲਾਂ ਦੌਰਾਨ ਕੁੱਲ 3.76 ਲੱਖ ਕਰੋੜ ਰੁਪਏ ਦੇ ਕਰਜ਼ੇ ਵੱਟੇ-ਖਾਤੇ ਪਾਏ ਸਨ। ਇਸ ਹਿਸਾਬ ਨਾਲ ਮੋਦੀ ਦੇ ਰਾਜ ਦੌਰਾਨ ਵੱਟੇ-ਖਾਤੇ ਪਾਈ ਗਈ ਰਕਮ ਮਨਮੋਹਨ ਸਰਕਾਰ ਨਾਲੋਂ 810 ਫੀਸਦੀ ਵੱਧ ਬਣਦੀ ਹੈ।

ਵੱਟੇ-ਖਾਤੇ ਪਾਏ ਗਏ ਇਸ ਕਰਜ਼ੇ ਦਾ ਭਾਰ ਵੱਡੇ ਪੈਮਾਨੇ 'ਤੇ ਆਮ ਨਾਗਰਿਕਾਂ ਤੇ ਕਿਸਾਨਾਂ 'ਤੇ ਪੈਣਾ ਸੁਭਾਵਿਕ ਹੈ। ਇਹੋ ਨਹੀਂ, ਇਸ ਨਾਲ ਸਾਡੀ ਅਰਥ ਵਿਵਸਥਾ ਤੇ ਬੈਂਕਿੰਗ ਪ੍ਰਣਾਲੀ ਦਾ ਤਬਾਹੀ ਵੱਲ ਵਧਣਾ ਲਾਜ਼ਮੀ ਹੈ। ਇਸ ਰਕਮ ਦਾ ਲਾਭ ਪੂੰਜੀਪਤੀਆਂ ਤੇ ਕਾਰਪੋਰੇਟਾਂ ਨੂੰ ਹੈ, ਜਿਹੜੇ ਬੈਂਕਾਂ ਤੋਂ ਕਰਜ਼ਾ ਲੈ ਕੇ ਬੇਨਾਮੀ ਕੰਪਨੀਆਂ ਵਿੱਚ ਲਾ ਕੇ ਵਿਦੇਸ਼ਾਂ ਨੂੰ ਭੱਜ ਜਾਂਦੇ ਹਨ ਤੇ ਇਸੇ ਪੈਸੇ ਨਾਲ ਉੱਥੇ ਵੱਡੇ ਬਿਜ਼ਨਸ ਖੜ੍ਹੇ ਕਰ ਲੈਂਦੇ ਹਨ। ਦੂਜੇ ਪਾਸੇ ਦੇਸ਼ ਦੇ ਕਿਸਾਨ-ਮਜ਼ਦੂਰ ਹਨ, ਜਿਹੜੇ ਘਾਟੇ ਦਾ ਸੌਦਾ ਖੇਤੀ ਕਰਦੇ ਹੋਏ ਕਰਜ਼ਾਈ ਹੋ ਕੇ ਆਪਣੀਆਂ ਜ਼ਮੀਨਾਂ ਕੁਰਕ ਕਰਾ ਰਹੇ ਹਨ, ਇਨ੍ਹਾਂ ਦਾ ਕਰਜ਼ਾ ਮਾਫ਼ ਕਰਨ ਦੀ ਮੰਗ ਨੂੰ ਸਰਕਾਰ ਵੱਲੋਂ ਕਦੇ ਹੁੰਗਾਰਾ ਨਹੀਂ ਦਿੱਤਾ ਜਾਂਦਾ। ਇਸ ਸਮੇਂ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਏਨਾ ਵੱਡਾ ਨੁਕਸਾਨ ਝੱਲ ਕੇ ਵੀ ਲੋਕਾਂ ਨੂੰ ਇਸ ਸਰਕਾਰ ਦਾ ਸਮਰਥਨ ਕਰਦੇ ਰਹਿਣਾ ਚਾਹੀਦਾ ਜਾਂ ਇਸ ਸਰਕਾਰ ਨੂੰ ਚਲਦਾ ਕਰਕੇ ਦੇਸ਼ ਨੂੰ ਹੋ ਰਹੇ ਇਸ ਵਿੱਤੀ ਨੁਕਸਾਨ ਤੋਂ ਬਚਾਉਣਾ ਚਾਹੀਦਾ ਹੈ।

ਸ਼ੋਰ ਪ੍ਰਦੂਸ਼ਣ ਦੀ ਸਮੱਸਿਆ

ਬਲਜੀਤ ਕੌਰ

ਸ਼ੋਰ ਪ੍ਰਦੂਸ਼ਣ ਅੱਜ ਦੇ ਸਮੇਂ ਦੀ ਵੱਡੀ ਸਮੱਸਿਆ ਬਣ ਚੁੱਕਿਆ ਹੈ। ਜਿਵੇਂ-ਜਿਵੇਂ ਆਵਾਜਾਈ ਸਾਧਨ ਵਧ ਰਹੇ ਹਨ, ਉਵੇਂ ਹੀ ਸ਼ੋਰ ਪ੍ਰਦੂਸ਼ਣ ਵਿਚ ਵਾਧਾ ਹੋ ਰਿਹਾ ਹੈ। ਹਵਾ ਪ੍ਰਦੂਸ਼ਣ ਤੋਂ ਬਾਅਦ ਸ਼ੋਰ ਪ੍ਰਦੂਸ਼ਣ ਸਭ ਤੋਂ ਵੱਧ ਖਤਰਨਾਕ ਹੋ ਚੁੱਕਿਆ ਹੈ। ਉਦਯੋਗੀਕਰਨ ਅਤੇ ਸ਼ਹਿਰੀਕਰਨ ਕਾਰਨ ਸ਼ੋਰ ਪ੍ਰਦੂਸ਼ਣ ਦੀ ਸਥਿਤੀ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ। ਸੜਕਾਂ, ਰੇਲਵੇ, ਹਵਾਈ ਅੱਡੇ, ਉਦਯੋਗਾਂ ਅਤੇ ਵੱਡੇ ਸਮਾਗਮ ਸ਼ੋਰ ਪ੍ਰਦੂਸ਼ਣ ਪੈਦਾ ਕਰਦੇ ਹਨ।

ਮਨੁੱਖੀ ਕੰਨ ਵੀਹ ਹਜ਼ਾਰ ਹਰਟਜ਼ ਤੋਂ ਵੱਧ ਬਾਰੰਬਰਤਾ ਅਵਾਜ਼ ਸੁਣਨ ਵਿਚ ਅਸਮਰੱਥ ਹੈ। ਉੱਚੀ ਅਵਾਜ਼ ਦੇ ਸੰਪਰਕ ਵਿਚ ਆਉਣ ਨਾਲ ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀ ਬਿਮਾਰੀ ਦਾ ਖਤਰਾ ਵਧ ਸਕਦਾ ਹੈ। ਇਹ ਸਾਡੀ ਮਾਨਸਕ ਸਿਹਤ ਨੂੰ ਵੀ ਪ੍ਰਭਾਵਤ ਕਰ ਰਿਹਾ ਹੈ।

ਸ਼ੋਰ ਦੇ ਪ੍ਰਦੂਸ਼ਣ ਨਿਯਤੰਰਣ ਨਿਯਮ -2000 ਦੇ ਤਹਿਤ ਸ਼ੋਰ ਪੈਦਾ ਕਰਨ ਵਾਲੇ ਯੰਤਰਾਂ ਦੀ ਵਰਤੋਂ, ਉੱਚੀ ਅਵਾਜ਼ ਵਿਚ ਪਟਾਕੇ ਚਲਾਉਣ, ਸੜਕਾਂ 'ਤੇ ਹਾਰਨ ਵਜਾਉਣ ਅਤੇ ਉੱਚੀ ਅਵਾਜ਼ ਵਿਚ ਸੰਗੀਤ ਅਤੇ ਸੰਗੀਤਕ ਯੰਤਰਾਂ ਦੀ ਵਰਤੋਂ 'ਤੇ ਪਾਬੰਦੀ ਹੈ। ਇਸ ਦੇ ਬਾਵਜੂਦ ਇਹਨਾਂ ਨਿਯਮਾਂ ਦੀਆਂ ਸਰੇਆਮ ਧੱਜੀਆਂ ਉਡ ਰਹੀਆਂ ਹਨ ਅਤੇ ਨਾ ਹੀ ਸਰਕਾਰ ਕਾਨੂੰਨ ਤੋੜਨ ਵਾਲੇ ਲੋਕਾਂ ਵਿਰੁੱਧ ਕੋਈ ਸਖ਼ਤ ਕਾਰਵਾਈ ਕਰ ਰਹੀ ਹੈ।

ਪੰਜਾਬ ਵਿਚ ਹੁਣ ਵਿਆਹਾਂ ਦਾ ਸੀਜ਼ਨ ਵੀ ਸ਼ੁਰੂ ਹੋ ਚੁੱਕਾ ਹੈ, ਜਿੱਥੇ ਕੰਨ ਪਾੜਦੇ ਸਪੀਕਰਾਂ ਦੀ ਆਵਾਜ਼ ਬਹੁਤ ਪਰੇਸ਼ਾਨੀ ਪੈਦਾ ਕਰ ਰਹੀ ਹੈ। ਥੋੜ੍ਹੇ ਸਮੇਂ ਦੇ ਮਨੋਰੰਜਨ ਲਈ ਅਸੀਂ ਲੰਮੇ ਸਮੇਂ ਤੱਕ ਅਸਰ ਕਰਨ ਵਾਲੀਆਂ ਬਿਮਾਰੀਆਂ ਸਹੇੜ ਰਹੇ ਹਾਂ। ਇਸ ਪਾਸੇ ਵੀ ਸਾਡੇ ਲੋਕਾਂ ਨੂੰ ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ।

ਬੇਸ਼ੱਕ ਸਰਕਾਰ ਵੱਲੋਂ ਅਵਾਜ਼ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ, ਪਰ ਜਦੋਂ ਤੱਕ ਸਾਰਾ ਸਮਾਜ ਇਸ ਸੰਬੰਧੀ ਆਪਣੀ ਜ਼ਿੰਮੇਵਾਰੀ ਨਹੀਂ ਸਮਝਦਾ, ਉਦੋਂ ਤੱਕ ਇਹ ਸਮੱਸਿਆ ਖਤਮ ਨਹੀਂ ਹੋਵੇਗੀ। ਹਰ ਮਨੁੱਖ ਦੇ ਅੰਦਰ ਵਾਤਾਵਰਣ ਪ੍ਰਤੀ ਸੁਹਿਰਦਤਾ ਦੀ ਭਾਵਨਾ ਹੋਣੀ ਚਾਹੀਦੀ ਹੈ। ਸਰਕਾਰਾਂ ਨੂੰ ਵੀ ਇਸ ਪਾਸੇ ਸੰਜੀਦਗੀ ਨਾਲ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਸ਼ੋਰ ਪ੍ਰਦੂਸ਼ਣ ਨੂੰ ਠੱਲ੍ਹ ਪੈ ਸਕੇ।

ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੀ ਸੋਚ 'ਤੇ ਪਹਿਰਾ ਦੇਣ ਦੀ ਲੋੜ

ਜਗਦੀਸ਼ ਸਿੰਘ ਚਾਹਲ, ਜਨਰਲ ਸਕੱਤਰ



ਪੰਜਾਬ ਰੋਡਵੇਜ਼ ਕਾਮਿਆਂ, ਮਜ਼ਦੂਰ, ਮੁਲਾਜ਼ਮਾਂ, ਕਿਰਤੀਆਂ ਦਾ ਮਹਿਬੂਬ ਆਗੂ ਚੁੰਬਕੀ ਸ਼ਖਸੀਅਤ ਦਾ ਮਾਲਕ, ਬਾ-ਦਲੀਲ ਅਤੇ ਚੇਤੰਨ ਬੁਲਾਰਾ ਬਾਈ ਨਛੱਤਰ ਧਾਲੀਵਾਲ 50 ਸਾਲ ਦੀ ਉਮਰ ਵਿੱਚ ਲੋਕ ਦੋਖੀ ਤਾਕਤਾਂ ਨੇ ਸਾਡੇ ਕੋਲੋਂ ਖੋਹ ਲਿਆ। ਮਨੁੱਖੀ ਜੀਵਨ ਵਿੱਚ ਇਹ ਮਹੱਤਵਪੂਰਨ ਨਹੀਂ ਕਿ ਕੋਈ ਕਿੰਨਾ ਲੰਮਾ ਸਮਾਂ ਜੀਵਿਆ ਹੈ, ਬਲਕਿ ਇਹ ਅਹਿਮ ਹੈ ਕਿ ਉਹ ਕਿਸ ਢੰਗ ਨਾਲ ਜੀਵਿਆ ਹੈ। ਕਾਮਰੇਡ ਨਛੱਤਰ ਨੇ ਕਦੇ ਵੀ ਹਾਲਤਾਂ ਨਾਲ ਸਮਝੌਤਾ ਨਹੀਂ ਕੀਤਾ, ਸਗੋਂ ਉਹ ਹਾਲਤਾਂ ਨਾਲ ਜੂਝਦੇ ਹੋਏ ਉਹਨਾਂ ਨੂੰ ਠੀਕ ਪਾਸੇ ਲਿਜਾਣ ਦੀ ਮੁਹਾਰਤ ਰੱਖਦਾ ਸੀ। ਕਿਸੇ ਕਵੀ ਨੇ ਲਿਖਿਆ ਹੈ :

'ਕੁਝ ਘੜੀਆਂ ਅਜਿਹੀਆਂ ਵੀ ਹੁੰਦੀਆਂ ਹਨ, ਜੋ ਇਤਿਹਾਸ ਘੜਦੀਆਂ ਨੇ,
ਕੁਝ ਸ਼ਬਦ ਅਜਿਹੇ ਵੀ ਹੁੰਦੇ ਹਨ, ਜੋ ਗੀਤਾਂ ਤੋਂ ਵੀ ਹੁਸੀਨ ਹੁੰਦੇ ਨੇ ,
ਕੁਝ ਮੌਤਾਂ ਅਜਿਹੀਆਂ ਵੀ ਹੁੰਦੀਆਂ ਹਨ ਕਿ ਮਰਨ ਵਾਲਾ ਲੋਕਾਂ ਦੇ ਦਿਲਾਂ ਵਿੱਚ ਉਤਰ ਜਾਂਦਾ ਹੈ।'

ਇਹ ਸ਼ਬਦ ਕਹਿਣ ਵਾਲੇ ਲੋਕਾਂ ਦੇ ਜਾਏ ਸ਼ਾਇਦ ਸੱਤ ਦੀ ਕੁੱਖ ਵਿੱਚੋਂ ਪੈਦਾ ਹੁੰਦੇ ਨੇ।

ਬਾਈ ਨਛੱਤਰ ਧਾਲੀਵਾਲ ਸੱਚ ਦੀ ਕੁੱਖ ਵਿੱਚੋਂ ਪੈਦਾ ਹੋਇਆ ਸੀ। 16 ਮਈ 1938 ਨੂੰ ਮਾਤਾ ਚੰਦ ਕੌਰ ਦੀ ਕੁੱਖੋਂ ਪਿਤਾ ਭਾਗ ਸਿੰਘ ਦੇ ਗ੍ਰਹਿ ਵਿੱਚ ਪਿੰਡ ਬੱਧਨੀ ਖੁਰਦ ਜ਼ਿਲ੍ਹਾ ਫਿਰੋਜ਼ਪੁਰ (ਹੁਣ ਮੋਗਾ) ਵਿਖੇ ਪੈਦਾ ਹੋਏ। ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਅਤੇ ਹਾਈ ਸਕੂਲ ਦੀ ਪੜ੍ਹਾਈ ਪਿੰਡ ਬੁੱਟਰ ਤੋਂ ਕੀਤੀ। ਘਰੇਲੂ ਜ਼ਿੰਮੇਵਾਰੀਆਂ ਨੂੰ ਸਮਝਦਿਆਂ ਛੇਤੀ ਹੀ ਕੰਮ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਕੁਝ ਸਮਾਂ ਬਾਗਬਾਨੀ ਵਿਗਿਆਨ ਮਹਿਕਮੇ ਵਿੱਚ ਨੌਕਰੀ ਕੀਤੀ। ਮਹਿਕਮੇ ਵਿੱਚ ਮੈਨੇਜਮੈਂਟ ਦੀਆਂ ਵਧੀਕੀਆਂ ਅਤੇ ਗਲਤ ਵਿਹਾਰ ਦੇ ਚਲਦਿਆਂ ਆਪਣੇ ਨਾਲ ਕੰਮ ਕਰਦੇ ਕਾਮਿਆਂ ਨੂੰ ਇਕੱਠਾ ਕਰਕੇ ਜ਼ੋਰਦਾਰ ਅਵਾਜ਼ ਬੁਲੰਦ ਕੀਤੀ ਅਤੇ ਜਿੱਤ ਪ੍ਰਾਪਤ ਕੀਤੀ। ਇਥੋਂ ਹੀ ਬਾਈ ਨਛੱਤਰ ਦੇ ਟਰੇਡ ਯੂਨੀਅਨ ਦੇ ਸਫਰ ਦੀ ਸ਼ੁਰੂਆਤ ਹੋਈ।

ਕਾਮਰੇਡ ਧਾਲੀਵਾਲ 1958 ਵਿੱਚ ਪੰਜਾਬ ਰੋਡਵੇਜ਼, ਜਿਸ ਦਾ ਨਾਂਅ ਉਸ ਸਮੇਂ ਓਮਨੀ ਬੱਸ ਸਰਵਿਸ ਸੀ, ਵਿੱਚ ਬਤੌਰ ਕੰਡਕਟਰ ਭਰਤੀ ਹੋ ਗਏ। ਬਾਈ ਨਛੱਤਰ ਨੇ ਭਰਤੀ ਹੁੰਦੇ ਹੀ ਲਾਲ ਝੰਡੇ ਦੀ ਜਥੇਬੰਦੀ ਵਿੱਚ ਸ਼ਮੂਲੀਅਤ ਕਰ ਲਈ। ਥੋੜ੍ਹੇ ਸਮੇਂ ਵਿੱਚ ਹੀ ਆਪਣੀ ਤੇਜ਼ ਬੁੱਧੀ ਸਦਕਾ ਮੁਲਾਜ਼ਮਾਂ ਦੀਆਂ ਮੁਸ਼ਕਲਾਂ ਨੂੰ ਠਰੰਮ੍ਹੇ ਅਤੇ ਸਲੀਕੇ ਨਾਲ ਸੁਲਝਾਉਣ ਦੇ ਰਾਹ ਤੁਰ ਪਿਆ। 1966 ਅਤੇ 1968 ਦੀਆਂ ਇਤਿਹਾਸਕ ਹੜਤਾਲਾਂ ਵਿੱਚ ਜ਼ੋਰਦਾਰ ਸ਼ਮੂਲੀਅਤ ਕਰਦੇ ਹੋਏ ਆਗੂ ਦਾ ਰੁਤਬਾ ਹਾਸਿਲ ਕੀਤਾ। ਇਸੇ ਦੌਰਾਨ ਉਹਨਾ ਮੁਲਾਜ਼ਮ ਸੰਘਰਸ਼ ਸੰਬੰਧੀ ਜੇਲ੍ਹ ਵੀ ਕੱਟੀ। ਉਸ ਸਮੇਂ ਮੁੱਖ ਮੰਤਰੀ ਸ੍ਰ. ਲਛਮਣ ਸਿੰਘ ਗਿੱਲ ਦੇ ਨਿੱਜੀ ਏਲਚੀਆਂ ਵੱਲੋਂ ਪਰੋਸੇ ਗਏ ਲੋਭ ਅਤੇ ਡਰ ਨੂੰ ਵੰਗਾਰਨ ਸਦਕਾ ਨਛੱਤਰ ਦਾ ਕੱਦ ਸੂਬਾਈ ਪਾਲ ਦੇ ਆਗੂਆਂ ਵਿੱਚ ਹੋਰ ਵੱਡਾ ਹੋ ਗਿਆ। ਹਾਲਤਾਂ ਆਗੂ ਪੈਦਾ ਕਰਦੀਆਂ ਹਨ ਅਤੇ ਆਗੂ ਲਹਿਰਾਂ ਉਸਾਰਦੇ ਹਨ। ਲਹਿਰਾਂ ਇਨਕਲਾਬ ਲਿਆਉਂਦੀਆਂ ਹਨ। ਇਨਕਲਾਬੀ ਪ੍ਰੋਗਰਾਮ ਨੇਪਰੇ ਚਾੜ੍ਹਨ ਲਈ ਸਿਆਣੇ ਅਤੇ ਸੁਯੋਗ ਆਗੂਆਂ ਦੀ ਲੋੜ ਹੁੰਦੀ ਹੈ। ਸੰਵੇਦਨਸ਼ੀਲ ਦਿਮਾਗ ਸਮਾਜ ਦੀਆ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸਮਝਦੇ ਹਨ। ਇਸੇ ਤਰ੍ਹਾਂ ਦੇ ਹੀ ਰੌਸ਼ਨ ਦਿਮਾਗ ਦਾ ਮਾਲਕ ਸੀ ਬਾਈ ਨਛੱਤਰ ਧਾਲੀਵਾਲ। ਉਸ ਦੇ ਪਿੰਡ ਵਿੱਚ ਵਾਪਰਦੇ ਜਾਤ, ਬਰਾਦਰੀ ਦੇ ਭੇਦ-ਭਾਵ, ਗਰੀਬ ਲੋਕਾਂ ਉਪਰ ਹੁੰਦੇ ਪੁਲਸੀ ਅੱਤਿਆਚਾਰ, ਭੁਖਮਰੀ ਨਾਲ ਜੂਝਦੇ ਪਰਵਾਰ, ਸਕੂਲਾਂ 'ਚ ਪੜ੍ਹਨ ਦੀ ਬਜਾਏ ਸੜਕਾਂ ਉਪਰ ਭੀਖ ਮੰਗਦੇ ਬੱਚੇ ਅਤੇ ਬਾਗਬਾਨੀ ਵਿਭਾਗ ਤੋਂ ਲੈ ਕੇ ਪੰਜਾਬ ਰੋਡਵੇਜ਼, ਹੋਰ ਵਿਭਾਗਾਂ ਅਤੇ ਕਾਰਖਾਨਿਆਂ ਵਿੱਚ ਹੁੰਦੀ ਕਿਰਤ ਦੀ ਲੁੱਟ ਦਾ ਇਹ ਵਰਤਾਰਾ ਬਾਈ ਦੀਆਂ ਅੱਖਾਂ ਦੇ ਸਾਹਮਣੇ ਵਾਪਰ ਰਿਹਾ ਸੀ। ਇਨ੍ਹਾਂ ਵਰਤਾਰਿਆਂ ਵਿਰੁਧ ਲੋਕ ਲੜਦੇ ਹਨ, ਪਰ ਚੇਤੰਨ ਦਿਮਾਗ ਇਹਨਾਂ ਸਮਾਜਕ ਸਮੱਸਿਆਵਾਂ ਦੇ ਮੂਲ ਕਾਰਨਾਂ ਨੂੰ ਸਮਝਦੇ ਹੋਏ ਹੱਲ ਕਰਨ ਲਈ ਅਗਵਾਈ ਕਰਦੇ ਹਨ। ਕਾਮਰੇਡ ਧਾਲੀਵਾਲ ਵੀ ਮੁੱਢਲੇ ਜੀਵਨ ਵਿੱਚ ਇਹਨਾਂ ਵਰਤਾਰਿਆਂ ਵਿਰੁੱਧ ਸਿਰਫ ਲੜਿਆ, ਪਰ 1973 ਵਿੱਚ ਇਹਨਾਂ ਸਮੱਸਿਆਵਾਂ ਦੀ ਜੜ੍ਹ ਸਮਝਣ ਲਈ ਉਹਨਾ ਨੂੰ ਜਥੇਬੰਦੀ ਵੱਲੋਂ 06 ਮਹੀਨੇ ਦੀ ਪੜ੍ਹਾਈ ਲਈ ਬੁਲਗਾਰੀਆ ਭੇਜਿਆ ਗਿਆ। ਇਥੋਂ ਹੀ ਉਹਨਾ ਦੀ ਸੋਚ ਵਿੱਚ ਇਨਕਲਾਬੀ ਤਬਦੀਲੀ ਆਈ ਅਤੇ ਮਾਰਕਸਵਾਦੀ ਸੂਝ ਨਾਲ ਉਹ ਘਟਨਾਵਾਂ ਨੂੰ ਦੇਖਣ, ਸਮਝਣ ਲੱਗ ਪਏ। ਇਥੇ ਦੱਸਣਾ ਬਣਦਾ ਹੈ ਕਿ ਬਾਈ ਨਛੱਤਰ ਇਕ ਸਧਾਰਨ ਪਰਵਾਰ ਵਿੱਚ ਪੈਦਾ ਹੋਏ। ਵਿਦਿਅਕ ਯੋਗਤਾ ਘੱਟ ਹੋਣ ਦੇ ਬਾਵਜੂਦ ਬੁਲਗਾਰੀਆ ਵਿਖੇ ਵੱਖ-ਵੱਖ ਮੁਲਕਾਂ ਵਿੱਚੋਂ ਆਏ 37 ਵਿਦਿਆਰਥੀਆਂ ਦੇ ਮੁਕਾਬਲੇ ਬਾਈ ਨਛੱਤਰ ਪਹਿਲੇ ਸਥਾਨ ਉਪਰ ਆਏ, ਜਿਸ ਦਾ ਸਰਟੀਫਿਕੇਟ ਅੱਜ ਵੀ ਪਰਵਾਰ ਦੇ ਕੋਲ ਮੌਜੂਦ ਹੈ। ਵਾਪਸ ਆਉਣ ਉਪਰੰਤ ਉਹਨਾ ਨਾ ਕੇਵਲ ਰੋਡਵੇਜ਼, ਬਲਕਿ ਹੋਰ ਵਿਭਾਗਾਂ ਦੇ ਕਿਰਤੀਆਂ ਅਤੇ ਆਗੂਆਂ ਨੂੰ ਵੀ ਸਿਧਾਂਤਕ ਸਕੂਲ ਲਗਾ ਕੇ ਮਾਰਕਸਵਾਦ ਦੀ ਸਿਖਿਆ ਦੇਣ ਲਈ ਬਤੌਰ ਅਧਿਆਪਕ ਕੰਮ ਸ਼ੁਰੂ ਕੀਤਾ। ਕੁਝ ਸਮੇਂ ਦੀ ਟਰੇਨਿੰਗ ਪਿਛੋਂ ਹੀ ਉਹਨਾਂ ਆਪਣੇ ਪਿੰਡੇ ਆਗੂਆਂ ਦੀ ਪਾਲ ਖੜ੍ਹੀ ਕਰ ਦਿੱਤੀ। ਟਰਾਂਸਪੋਰਟ ਕਾਮਿਆਂ ਤੋਂ ਇਲਾਵਾ ਵੱਖ-ਵੱਖ ਜਥੇਬੰਦੀਆਂ ਦੇ ਆਗੂ ਸਾਥੀ ਵੀ ਉਹਨਾ ਪਾਸੋਂ ਵਿਭਾਗੀ ਅਤੇ ਸਮਾਜਕ ਮੁਸ਼ਕਿਲਾਂ ਦੇ ਹੱਲ ਸੰਬੰਧੀ ਸੁਝਾਅ ਲੈਣ ਲਈ ਰੋਜ਼ਾਨਾ ਆਉਂਦੇ । ਉਹ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਰੋਡ ਟਰਾਂਸਪੋਰਟ ਵਰਕਰਜ਼ ਅਤੇ ਏਟਕ ਦੇ ਸੂਬਾਈ ਅਤੇ ਕੇਂਦਰੀ ਆਗੂ ਚੁਣੇ ਗਏ। ਇਸ ਤੋਂ ਇਲਾਵਾ ਟਰੇਡ ਯੂਨੀਅਨ ਕੌਂਸਲ ਮੋਗਾ ਦੇ ਲੰਮਾ ਸਮਾਂ ਪ੍ਰਧਾਨ ਰਹੇ।

ਕਾਮਰੇਡ ਧਾਲੀਵਾਲ ਪੰਜਾਬ ਰੋਡਵੇਜ਼ ਦੀ ਜਥੇਬੰਦੀ ਲਈ ਕੰਮ ਕਰਦਿਆਂ ਪ੍ਰਾਈਵੇਟ ਟਰਾਂਸਪੋਰਟ ਕਾਮਿਆਂ ਦੀ ਜਥੇਬੰਦੀ, ਕਿਸਾਨ, ਮਜ਼ਦੂਰਾਂ ਦੀ ਜਥੇਬੰਦੀ, ਬੈਂਕ, ਬਿਜਲੀ ਬੋਰਡ, ਸਟਾਫ ਨਰਸ ਅਤੇ ਇਥੋਂ ਤੱਕ ਕਿ ਜਦੋਂ ਪੁਲਸ ਮੁਲਾਜ਼ਮਾਂ ਨੇ ਵੀ ਆਪਣੀਆਂ ਆਰਥਕ ਮੰਗਾਂ ਲਈ ਸੰਘਰਸ਼ ਵਿੱਢਿਆ ਤਾਂ ਉਹਨਾਂ ਦੀ ਮਦਦ ਲਈ ਜਾ ਖੜ੍ਹੇ ਹੋਏ। ਪਿੰਡ, ਸੂਬਾ ਜਾਂ ਗਵਾਂਢੀ ਸੂਬਿਆਂ ਵਿੱਚ ਹ

21-OCT-PAGE-5.qxd 10/20/2023 9:29 PM Page 1

12 ਘੰਟੇ ਦਿਹਾੜੀ ਦਾ ਨੋਟੀਫਿਕੇਸ਼ਨ ਰੱਦ ਕਰਵਾਉਣ ਲਈ ਮਜ਼ਦੂਰਾਂ ਵੱਲੋਂ ਰੋਸ ਪ੍ਰਦਰਸ਼ਨ

■ ਕਚਹਿਰੀ ਚੌਕ 'ਚ ਫੂਕਿਆ ਪੰਜਾਬ ਸਰਕਾਰ ਦਾ ਪੁਤਲਾ

ਬਰਨਾਲਾ (ਰਾਜਿੰਦਰ ਬਰਾੜ)-ਪੰਜਾਬ ਸਰਕਾਰ ਵੱਲੋਂ ਅੱਠ ਘੰਟੇ ਦਿਹਾੜੀ ਦਾ ਕਾਨੂੰਨ ਖਤਮ ਕਰਕੇ 12 ਘੰਟੇ ਦਿਹਾੜੀ ਦਾ ਨਵਾਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਜਿਸ ਦਾ ਪੂਰੇ ਪੰਜਾਬ ਵਿੱਚ ਤਿੱਖਾ ਵਿਰੋਧ ਹੋ ਰਿਹਾ ਹੈ। ਅੱਜ ਇਥੇ ਦੋ ਖੱਬੀਆਂ ਪਾਰਟੀਆਂ ਸੀ ਪੀ ਆਈ ਤੇ ਸੀ ਪੀ ਆਈ (ਐੱਮ ਐੱਲ) ਰੈੱਡ ਸਟਾਰ ਦੀ ਅਗਵਾਈ ਹੇਠ ਤੇ ਮਜ਼ਦੂਰ ਜਥੇਬੰਦੀਆਂ ਦੇ ਸਹਿਯੋਗ ਨਾਲ ਨੋਟੀਫਿਕੇਸ਼ਨ ਰੱਦ ਕਰਵਾਉਣ ਲਈ ਕਚਹਿਰੀ ਚੌਕ ਵਿੱਚ ਸੈਂਕੜੇ ਮਜ਼ਦੂਰਾਂ ਵੱਲੋਂ ਰੈਲੀ ਕੀਤੀ ਗਈ, ਜਿੱਥੇ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਖਿਲਾਫ ਜ਼ੋਰਦਾਰ ਨਾਹਰੇਬਾਜ਼ੀ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਬਰਾੜ ਤੇ ਸੀ ਪੀ ਆਈ (ਐੱਮ ਐੱਲ) ਰੈੱਡ ਸਟਾਰ ਦੇ ਸੂਬਾ ਸਕੱਤਰ ਕਾਮਰੇਡ ਲਾਭ ਸਿੰਘ ਅਕਲੀਆ ਅਤੇ ਕਾਮਰੇਡ ਖੁਸ਼ੀਆ ਸਿੰਘ ਨੇ ਮਜ਼ਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਵਿੱਚ ਕਰੀਬ ਸੌ ਸਾਲ ਪਹਿਲਾਂ 8 ਘੰਟੇ ਦਿਹਾੜੀ ਦਾ ਕਾਨੂੰਨ ਲਾਗੂ ਕੀਤਾ ਗਿਆ ਸੀ, ਪਰ ਪੰਜਾਬ ਸਰਕਾਰ ਨੇ ਇਸ ਨੂੰ ਖਤਮ ਕਰਕੇ 12 ਘੰਟੇ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਉਨੀਵੀਂ ਸਦੀ ਦੇ ਅੰਤਮ ਦਹਾਕੇ ਵਿੱਚ ਮਜ਼ਦੂਰ ਜਮਾਤ ਨੇ ਪੂੰਜੀਪਤੀਆਂ ਦੀਆਂ ਮਨਮਾਨੀਆਂ ਖਿਲਾਫ ਲੰਬੀ ਲੜਾਈ ਲੜ ਕੇ ਤੇ ਸ਼ਹੀਦੀਆਂ ਪ੍ਰਾਪਤ ਕਰਕੇ 8 ਘੰਟੇ ਦਿਹਾੜੀ ਦਾ ਕਾਨੂੰਨ ਬਣਾਉਣ ਵਿੱਚ ਸਫਲਤਾ ਹਾਸਲ ਕੀਤੀ ਸੀ। ਅੱਜ ਸਾਮਰਾਜਵਾਦੀਆਂ ਤੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਪੂਰੀ ਦੁਨੀਆ ਵਿੱਚ ਮਜ਼ਦੂਰ ਲਹਿਰ ਦੀ ਘਾਟੇਬੰਦੀ ਹਾਲਤ ਕਰਕੇ ਸੱਤਾਧਾਰੀ ਹਾਕਮ ਜਮਾਤਾਂ ਵੱਲੋਂ ਇੱਕ ਇੱਕ ਕਰਕੇ ਮਜ਼ਦੂਰਾਂ ਨੂੰ ਮਿਲੀਆਂ ਸਹੂਲਤਾਂ ਖੋਹੀਆਂ ਜਾ ਰਹੀਆਂ ਹਨ। ਤਿੰਨ ਸਾਲ ਪਹਿਲਾਂ ਮੋਦੀ ਸਰਕਾਰ ਵੱਲੋਂ ਕੋਰੋਨਾ ਦੀ ਆੜ 'ਚ ਅਤੇ ਵੱਡੇ ਪੂੰਜੀਪਤੀਆਂ ਨੂੰ ਫਾਇਦਾ ਪਹੁੰਚਾਉਣ ਲਈ 8 ਘੰਟੇ ਦਿਹਾੜੀ ਦਾ ਕਾਨੂੰਨ ਖਤਮ ਕਰਨ ਦੀ ਕਵਾਇਦ ਸ਼ੁਰੂ ਕੀਤੀ ਗਈ ਸੀ। 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਵਿੱਚ ਬਦਲ ਦਿੱਤਾ ਗਿਆ ਸੀ। ਅੱਜ ਭਗਵੰਤ ਮਾਨ ਦੀ ਸਰਕਾਰ ਲਗਾਤਾਰ ਮਜ਼ਦੂਰ ਵਿਰੋਧੀ ਨੀਤੀਆਂ ਬਣਾ ਰਹੀ ਹੈ। ਆਗੂਆਂ ਨੇ ਇਹ ਵੀ ਕਿਹਾ ਕਿ ਜਿੰਨਾ ਚਿਰ ਸਰਕਾਰ ਨੋਟੀਫਿਕੇਸ਼ਨ ਰੱਦ ਨਹੀਂ ਕਰਦੀ, ਇਸ ਦਾ ਤਿੱਖਾ ਵਿਰੋਧ ਕੀਤਾ ਜਾਵੇਗਾ। ਆਗੂਆਂ ਨੇ ਇਜ਼ਰਾਈਲ ਵੱਲੋਂ ਫਲਸਤੀਨ ਉੱਪਰ ਕੀਤੇ ਹਮਲੇ ਦੀ ਵੀ ਜ਼ੋਰਦਾਰ ਨਿਖੇਧੀ ਕਰਦਿਆਂ ਕਿਹਾ ਕਿ ਇਹ ਨਹੱਕੀ ਜੰਗ ਤੁਰੰਤ ਖਤਮ ਹੋਣੀ ਚਾਹੀਦੀ ਹੈ।ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਫਾਸ਼ੀਵਾਦੀ ਰਾਹ 'ਤੇ ਚੱਲ ਰਹੀ ਹੈ ਤੇ ਹਰ ਵਿਰੋਧੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ। ਦੇਸ਼ ਵਿੱਚ ਅਨੇਕਾਂ ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਅਤੇ ਨਿਊਜ਼ ਕਲਿਕ ਦੇ ਪੱਤਰਕਾਰਾਂ ਉੱਪਰ ਵੀ ਝੂਠੇ ਕੇਸ ਪਾ ਕੇ ਜੇਲ੍ਹਾਂ ਵਿੱਚ ਸੁੱਟਿਆ ਗਿਆ ਹੈ।

ਆਗੂਆਂ ਨੇ ਕਿਹਾ ਕਿ ਉਨ੍ਹਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ ਤੇ ਝੂਠੇ ਕੇਸ ਰੱਦ ਕੀਤੇ ਜਾਣ। ਇਕੱਠ ਨੂੰ ਹੋਰਨਾਂ ਤੋਂ ਇਲਾਵਾ ਸੁਖਜੰਟ ਸਿੰਘ ਤਹਿਸੀਲ ਸਕੱਤਰ, ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਜਗਰਾਜ ਰਾਮਾ, ਮਜ਼ਦੂਰ ਅਧਿਕਾਰ ਅੰਦੋਲਨ ਪੰਜਾਬ ਦੇ ਸੂਬਾਈ ਆਗੂ ਕਾਮਰੇਡ ਨਛੱਤਰ ਸਿੰਘ ਰਾਮਨਗਰ, ਗੁਰਮੇਲ ਸਿੰਘ ਪੱਖੋਕਲਾਂ, ਸੁਖਵਿੰਦਰ ਸਿੰਘ ਜੱਸਾ ਭੈਣੀ, ਹੈੱਡੀਕੈਪਟ ਯੂਨੀਅਨ ਦੇ ਆਗੂ ਭੀਮ ਭੁਪਾਲ, ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਰਣਜੀਤ ਕੌਰ ਤੇ ਕੌਰ ਸਿੰਘ ਕਲਾਲਮਾਜਰਾ ਆਦਿ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਭਗਤ ਨਾਮਦੇਵ ਜੀ ਯਾਤਰਾ ਦਾ ਲੁਧਿਆਣਾ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਜਾਵੇਗਾ : ਗਰਚਾ

ਨਾਨਕ ਸਾਈਂ ਫਾਊਂਡੇਸ਼ਨ ਦੇ ਮਹਾਰਾਸ਼ਟਰ ਤੋਂ ਆਏ ਪ੍ਰਬੰਧਕਾਂ ਦਾ ਸਨਮਾਨ

ਲੁਧਿਆਣਾ (ਭਾਟੀਆ)-ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦੇ 753ਵੇਂ ਜਨਮ ਦਿਹਾੜੇ ਮੌਕੇ ਨਾਨਕ ਸਾਈਂ ਫਾਊਂਡੇਸ਼ਨ ਮਹਾਰਾਸ਼ਟਰ ਵੱਲੋਂ ਨੌਵੀਂ ਸਾਲਾਨਾ ਭਗਤ ਨਾਮਦੇਵ ਯਾਤਰਾ 24 ਨਵੰਬਰ ਤੋਂ ਲੈ ਕੇ 4 ਦਸੰਬਰ ਤੱਕ ਲਈ ਨਾਂਦੇੜ (ਮਹਾਰਾਸ਼ਟਰਾ) ਤੋਂ ਬਾਬਾ ਜੀ ਭਗਤੀ ਸਥਾਨ ਘੁਮਾਣ ਜ਼ਿਲ੍ਹਾ ਗੁਰਦਾਸਪੁਰ ਲਈ ਆਵੇਗੀ, ਜੋ ਸ੍ਰੀ ਅਮ੍ਰਿਤਸਰ ਦੇ ਰਸਤੇ ਹੁੰਦੀ ਹੋਈ ਪੰਜਾਬ ਦੇ ਵੱਖ ਵੱਖ ਧਾਰਮਿਕ ਸਥਾਨਾਂ 'ਤੇ ਪਹੁੰਚੇਗੀ। ਇਸ ਬਾਰੇ ਨਾਨਕ ਸਾਈਂ ਫਾਊਂਡੇਸ਼ਨ ਨਾਂਦੇੜ ਦੇ ਚੇਅਰਮੈਨ ਪੰਡਰੀਨਾਥ ਬੋਕਾਰੇ ਦੀ ਅਗਵਾਈ ਹੇਠ ਸੰਸਥਾ ਦੇ ਵਫਦ ਵੱਲੋਂ ਅੱਜ ਲੁਧਿਆਣਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਤੇ ਭਗਤ ਬਾਬਾ ਨਾਮਦੇਵ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਸੁਖਵਿੰਦਰਪਾਲ ਸਿੰਘ ਗਰਚਾ ਦੀ ਪੱਖੋਵਾਲ ਰੋਡ ਸਥਿਤ ਰਿਹਾਇਸ਼ 'ਤੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਣਕਾਰੀ ਸਾਂਝੀ ਕੀਤੀ ਗਈ। ਬੋਕਾਰੇ ਨੇ ਦੱਸਿਆ ਕਿ ਇਸ ਯਾਤਰਾ ਵਿੱਚ 300 ਦੇ ਕਰੀਬ ਮਰਾਠੀ ਸੰਗਤਾਂ ਵਿਸ਼ੇਸ਼ ਰੇਲਗੱਡੀ ਰਾਹੀਂ ਨਾਂਦੇੜ ਤੋਂ ਰਵਾਨਾ ਹੋ ਕੇ ਪੰਜਾਬ ਆਉਣਗੀਆਂ। ਉਨ੍ਹਾ ਕਿਹਾ ਕਿ ਸਾਡਾ ਉਦੇਸ਼ ਪੰਜਾਬ ਦੇ ਧਾਰਮਿਕ ਸਥਾਨਾਂ ਦੇ ਦਰਸ਼ਨ ਦੀਦਾਰ ਕਰਨ ਦੇ ਨਾਲ-ਨਾਲ ਪੰਜਾਬੀ ਤੇ ਮਰਾਠੀ ਭਾਈਚਾਰੇ ਵਿੱਚ ਪਿਆਰ ਦਾ ਡੂੰਘਾ ਰਿਸ਼ਤਾ ਬਣਾਉਣਾ ਹੈ। ਅਕਾਲੀ ਆਗੂ ਤੇ ਭਗਤ ਬਾਬਾ ਨਾਮਦੇਵ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਸੁਖਵਿੰਦਰਪਾਲ ਸਿੰਘ ਗਰਚਾ ਨੇ ਇਸ ਮੌਕੇ ਦੱਸਿਆ ਕਿ ਨਾਂਦੇੜ ਤੋਂ ਬਾਬਾ ਨਾਮਦੇਵ ਜੀ ਦੇ ਤੱਪ ਅਸਥਾਨ ਘੁਮਾਣ ਪੰਜਾਬ ਆਉਣ ਵਾਲੀ ਇਸ ਯਾਤਰਾ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ। ਇਸ ਮੌਕੇ ਸ੍ਰੀ ਗਰਚਾ ਨੇ ਨਾਨਕ ਸਾਂਈ ਫਾਊਂਡੇਸ਼ਨ ਨਾਂਦੇੜ ਦੇ ਪ੍ਰਧਾਨ ਪੰਡਰੀਨਾਥ ਬੋਕਾਰੇ ਤੇ ਉਨ੍ਹਾਂ ਨਾਲ ਆਏ ਪ੍ਰਬੰਧਕਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਰਾਜੀਵ ਕੁਮਾਰ ਸ਼ਰਮਾ, ਸੁਰੇਯਸ ਬੋਕਾਰੋ, ਦਲੀਪ ਅਗੂਲਵਾਰ, ਬਾਬਾ ਰਣਜੀਤ ਸਿੰਘ ਕਾਰ ਸੇਵਾ, ਹਰਨੂਰ ਸਿੰਘ ਨਾਰੰਗ (ਰਾਜਾ), ਹਰਜਿੰਦਰ ਸਿੰਘ ਤੇ ਕਾਕਾ ਰਾਜਦੀਪ ਸਿੰਘ ਗਰਚਾ ਮੌਜੂਦ ਸਨ।

ਅਨਾਜ ਮੰਡੀਆਂ 'ਚੋਂ ਝੋਨੇ ਦੀ ਲਿਫਟਿੰਗ ਨੂੰ ਲੈ ਕੇ ਕਾਂਗਰਸ ਵੱਲੋਂ ਪ੍ਰਦਰਸ਼ਨ

ਪਾਤੜਾਂ ਵਿਖੇ ਰੋਸ ਪ੍ਰਦਰਸਨ ਕਰਦੇ ਹੋਏ ਕਾਂਗਰਸੀ ਵਰਕਰ।

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਝੋਨੇ ਦੀ ਮੀਲਿੰਗ ਮਗਰੋਂ ਫੂਡ ਕਾਰਪੋਰੇਸ਼ਨ ਆਫ ਇੰਡੀਆ ਨੂੰ ਦਿੱਤੇ ਜਾਣ ਵਾਲੇ ਚੌਲਾਂ ਉੱਤੇ ਲਾਗੂ ਕੀਤੇ ਨਵੇਂ ਮਾਪਦੰਡਾਂ ਦੇ ਵਿਰੋਧ ਵਿੱਚ ਸੈਲਰ ਮਾਲਕਾਂ ਦੀ ਚੱਲ ਰਹੀ ਹੜਤਾਲ ਕਾਰਨ ਸੂਬੇ ਦੀਆਂ ਮੰਡੀਆਂ ਵਿੱਚੋਂ ਖਰੀਦ ਏਜੰਸੀਆਂ ਵੱਲੋਂ ਖਰੀਦੇ ਗਏ ਝੋਨੇ ਦੀ ਲਿਫਟਿੰਗ ਨਾ ਹੋਣ ਕਰਕੇ ਬੋਰੀਆਂ ਦੇ ਵੱਡੇ ਵੱਡੇ ਢੇਰ ਲੱਗ ਗਏ ਹਨ। ਮੰਡੀਆਂ ਵਿੱਚ ਬੋਰੀਆਂ ਦੇ ਲੱਗੇ ਅੰਬਾਰ ਕਰਕੇ ਆੜ੍ਹਤੀਆਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਿਫਟਿੰਗ ਦੇ ਮਾਮਲੇ ਵਿੱਚ ਸਰਕਾਰਾਂ ਦੇ ਨਾਕਾਮ ਰਹਿਣ ਦੇ ਵਿਰੋਧ ਵਿੱਚ ਕਾਂਗਰਸ ਪਾਰਟੀ ਵੱਲੋਂ ਦਿੱਤੇ ਗਏ ਸੱਦੇ ਤਹਿਤ ਅਨਾਜ ਮੰਡੀ ਪਾਤੜਾਂ ਵਿੱਚ ਕਾਂਗਰਸੀ ਵਰਕਰਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਕੇਂਦਰ ਤੇ ਪੰਜਾਬ ਸਰਕਾਰ ਦੇ ਨਾਂ ਐੱਸ ਡੀ ਐੱਮ ਪਾਤੜਾਂ ਨੂੰ ਮੰਗ ਪੱਤਰ ਦੇ ਕੇ ਲਿਫਟਿੰਗ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ ਹੈ।

ਕਾਂਗਰਸ ਦੇ ਬਲਾਕ ਪ੍ਰਧਾਨ ਰਣਜੀਤ ਸਿੰਘ ਸਿੱਧੂ ਮਤੌਲੀ ਤੇ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਰਾਜੇਸ਼ ਕੁਮਾਰ ਹੈਪੀ ਦੀ ਅਗਵਾਈ ਵਿੱਚ ਕੀਤੇ ਗਏ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨੇ ਕਿਹਾ ਕਿ ਝੋਨੇ ਦੀ ਮੀਲਿੰਗ ਉਪਰੰਤ ਸੈੱਲਰ ਮਾਲਕਾਂ ਤੋਂ ਐੱਫ ਸੀ ਆਈ ਵੱਲੋਂ ਲਏ ਜਾਣ ਵਾਲੇ ਚੌਲਾਂ ਦੀ ਗੁਣਵੱਤਾ ਵਧਾਉਣ ਲਈ ਐੱਫ ਸੀ ਆਈ ਵੱਲੋਂ ਲਾਗੂ ਕੀਤੇ ਗਏ ਨਵੇਂ ਨਿਯਮ ਆੜ੍ਹਤੀਆਂ, ਕਿਸਾਨਾਂ ਤੇ ਮਜ਼ਦੂਰਾਂ ਲਈ ਸਿਰਦਰਦੀ ਦੀ ਤਾਂ ਕਾਰਨ ਬਣੇ ਹੋਏ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਜਾਣ ਬੁੱਝ ਕੇ ਪੰਜਾਬ ਦੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਨ ਦੇ ਮਕਸਦ ਨਾਲ ਐੱਫ ਸੀ ਆਈ ਨੂੰ ਵਰਤ ਰਹੀ ਹੈ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਕੇਂਦਰ ਦੀ ਇਸ ਚਾਲ ਵਿੱਚ ਉਲਝ ਕੇ ਰਹਿ ਗਈ ਹੈ, ਜਿਸ ਕਰਕੇ ਖਰੀਦ ਏਜੰਸੀਆਂ ਵੱਲੋਂ ਮੰਡੀ 'ਚ ਖ਼ੀਦਿਆ ਗਿਆ ਝੋਨਾ ਜਿੱਥੇ ਖੁੱਲ੍ਹੇ ਅਸਮਾਨ ਹੇਠਾਂ ਪਿਆ ਹੈ, ਉਥੇ ਰਾਤ ਸਮੇਂ ਇਸ ਦੀ ਰਾਖੀ ਤੇ ਸਾਂਭ ਸੰਭਾਲ ਲਈ ਆੜ੍ਹਤੀਆਂ ਨੂੰ ਪੱਲਿਓਂ ਖਰਚ ਕਰਨਾ ਪੈ ਰਿਹਾ ਹੈ, ਜਦੋਂਕਿ ਖਰੀਦ ਕੀਤੇ ਗਏ ਝੋਨੇ ਦੀ 72 ਘੰਟੇ ਬਾਅਦ ਹਰ ਤਰ੍ਹਾਂ ਦੀ ਜ਼ਿੰਮੇਵਾਰੀ ਇੱਕ ਸਰਕਾਰ ਤੇ ਖਰੀਦ ਏਜੰਸੀਆਂ ਦੀ ਬਣਦੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਕਾਂਗਰਸ ਦੇ ਸਾਬਕਾ ਪ੍ਰਧਾਨ ਦਲੇਰ ਸਿੰਘ ਹਰਿਆਊ, ਬਲਦੇਵ ਸਿੰਘ ਬੋਹੜੀਵਾਲਾ, ਨੰਬਰਦਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਦਰਸ਼ਨ ਸਿੰਘ ਗਲੌਲੀ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਦਰਸ਼ਨ ਰਾਮ, ਪਿਆਰਾ ਰਾਮ ਗੁਲਾਹੜ, ਨਿਰਮਲ ਸਿੰਘ ਪੰਨੂ, ਮੋਹਰ ਸਿੰਘ ਸਰਪੰਚ ਜਿਉਣਪੁਰਾ ਤੇ ਕਰਨ ਦੁਤਾਲ ਆਦਿ ਹਾਜ਼ਰ ਸਨ।

ਭੱਠਲ ਕਾਲਜ ਬਚਾਓ ਸੰਘਰਸ਼ ਕਮੇਟੀ ਵੱਲੋਂ ਐੱਸ ਡੀ ਐੱਮ ਦਾ ਕੀਤਾ ਜਾਵੇਗਾ ਘਿਰਾਓ

ਲਹਿਰਾਗਾਗਾ (ਪਵਨ)

ਬਾਬਾ ਹੀਰਾ ਸਿੰਘ ਭੱਠਲ ਕਾਲਜ ਬਚਾਓ ਸੰਘਰਸ਼ ਕਮੇਟੀ ਦੀ ਮੀਟਿੰਗ ਕਾਲਜ ਵਿੱਚ ਚੱਲ ਰਹੇ ਪੱਕੇ ਮੋਰਚੇ ਦੇ ਪੰਡਾਲ 'ਚ ਹੋਈ। ਸਾਥੀ ਧਰਮਿੰਦਰ ਸਿੰਘ ਪਿਸ਼ੌਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ 'ਚ ਸੰਘਰਸ਼ ਕਮੇਟੀ ਵਿੱਚ ਸ਼ਾਮਲ ਸਮੂਹ ਜਥੇਬੰਦੀਆਂ ਦੇ ਨੁਮਾਇੰਦਾ ਮੈਂਬਰਾਂ ਨੇ ਹਿੱਸਾ ਲਿਆ। ਮੀਟਿੰਗ 'ਚ 15 ਅਕਤੂਬਰ ਨੂੰ ਭੱਠਲ ਕਾਲਜ ਬਚਾਓ ਸੰਘਰਸ਼ ਕਮੇਟੀ ਵੱਲੋਂ ਸ਼ਹਿਰ ਵਿੱਚ ਕੀਤੇ ਰੋਸ ਮਾਰਚ 'ਚ ਜਥੇਬੰਦੀਆਂ ਦੀ ਸ਼ਮੂਲੀਅਤ ਅਤੇ ਲੋਕਾਂ ਵੱਲੋਂ ਮਿਲੇ ਭਰਵੇਂ ਹੁੰਗਾਰੇ 'ਤੇ ਤਸੱਲੀ ਪ੍ਰਗਟ ਕੀਤੀ ਅਤੇ ਅਗਲੇ ਪ੍ਰੋਗਰਾਮ ਨੂੰ ਹੋਰ ਵਧੇਰੇ ਜੋਰ-ਸ਼ੋਰ ਨਾਲ ਕਰਨ ਦੀ ਰੂਪਰੇਖਾ ਤਿਆਰ ਕੀਤੀ ਗਈ। ਸੰਘਰਸ਼ ਕਮੇਟੀ ਵੱਲੋਂ ਅਗਲਾ ਐਕਸ਼ਨ 27 ਅਕਤੂਬਰ ਨੂੰ ਐੱਸ.ਡੀ.ਐੱਮ. ਦਾ ਘਿਰਾਓ ਤਹਿ ਕੀਤਾ ਗਿਆ। ਇਹ ਘਿਰਾਓ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਕੀਤਾ ਜਾਵੇਗਾ। ਸੰਘਰਸ਼ ਕਮੇਟੀ ਨੇ ਸਮੂਹ ਇਨਸਾਫ਼ ਪਸੰਦ ਲੋਕਾਂ ਨੂੰ ਘਿਰਾਓ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ 9 ਅਕਤੂਬਰ ਤੋਂ ਕਾਲਜ ਦੇ ਗੇਟ 'ਤੇ ਸੰਘਰਸ਼ ਕਮੇਟੀ ਵੱਲੋਂ ਪੱਕਾ ਮੋਰਚਾ ਲਗਾਤਾਰ ਚੱਲ ਰਿਹਾ ਹੈ। ਇਸ ਮੌਕੇ ਛੇ ਹੋਰ ਜਥੇਬੰਦੀਆਂ ਨੇ ਭੱਠਲ ਕਾਲਜ ਬਚਾਓ ਸੰਘਰਸ਼ ਕਮੇਟੀ 'ਚ ਸ਼ਾਮਲ ਹੋਣ ਦੀ ਇੱਛਾ ਪ੍ਰਗਟ ਕੀਤੀ। ਉਨ੍ਹਾਂ ਜਥੇਬੰਦੀਆਂ ਨੂੰ ਸੰਘਰਸ਼ ਕਮੇਟੀ 'ਚ ਬਕਾਇਦਾ ਸ਼ਾਮਲ ਕਰਨ ਦਾ ਫ਼ੈਸਲਾ ਅਗਲੀ ਮੀਟਿੰਗ ਵਿੱਚ ਕੀਤਾ ਜਾਵੇਗਾ।

ਇਨ੍ਹਾਂ ਜਥੇਬੰਦੀਆਂ ਵਿੱਚ ਟਰੇਡ ਯੂਨੀਅਨ ਏਟਕ, ਜਮਹੂਰੀ ਕਿਸਾਨ ਸਭਾ, ਡੀ.ਟੀ.ਐੱਫ. ਤੇ ਤਿੰਨ ਹੋਰ ਜਥੇਬੰਦੀਆਂ ਸ਼ਾਮਲ ਹਨ। ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਬਲਾਕ ਪ੍ਰਧਾਨ ਧਰਮਿੰਦਰ ਪਿਸ਼ੌਰ, ਲੋਕ ਚੇਤਨਾ ਮੰਚ ਦੇ ਮਹਿੰਦਰ ਸਿੰਘ, ਰਣਜੀਤ ਲਹਿਰਾ, ਪੀ ਐੱਸ ਪੀ ਸੀ ਐੱਲ ਪੈਨਸ਼ਨਰਜ਼ ਐਸੋਸੀਏਸ਼ਨ ਦੇ ਗੁਰਚਰਨ ਸਿੰਘ, ਪਾਵਰਕਾਮ ਇੰਪਲਾਈਜ ਫੈਡਰੇਸ਼ਨ ਦੇ ਰਾਮਚੰਦਰ ਸਿੰਘ, ਪੂਰਨ ਸਿੰਘ ਖਾਈ, ਬੱਬੀ ਲਹਿਰਾ, ਸੇਬੀ ਖੰਡੇਬਾਦ, ਡੀਟੀਐੱਚ ਦੇ ਹਰਭਗਵਾਨ ਗੁਰਨੇ, ਨੰਬਰਦਾਰਾ ਯੂਨੀਅਨ ਦੇ ਗੁਰਨਾਮ ਸਿੰਘ ਸੰਧੂ, ਮਜ਼ਦੂਰ ਮੁਕਤੀ ਮੋਰਚੇ ਦੇ ਬਿੱਟੂ ਖੋਖਰ, ਐੱਚ ਐੱਸ ਧਾਲੀਵਾਲ ਤੇ ਮੋਹਨ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕੀਤੇ।

ਪਹਿਲੀ ਪੰਜਾਬ ਜੂਨੀਅਰ ਗੋਲਫ਼ ਲੀਗ ਭਲਕੇ, ਸੂਬੇ ਭਰ ਤੋਂ ਆਉਣਗੇ ਖਿਡਾਰੀ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਨੌਜਵਾਨਾਂ ਨੂੰ ਗੋਲਫ ਵੱਲ ਪ੍ਰੇਰਤ ਕਰਨ ਦੇ ਉਦੇਸ਼ ਨਾਲ ਸਰਹੱਦੀ ਜ਼ਿਲ੍ਹੇ ਵਿੱਚ ਪਹਿਲੀ ਵਾਰ ਪੰਜਾਬ ਜੂਨੀਅਰ ਗੋਲਫ ਲੀਗ ਕਰਾਈ ਜਾ ਰਹੀ ਹੈ।ਜਨਰਲ ਸਕੱਤਰ ਮਨਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਹ ਲੀਗ ਫ਼ਿਰੋਜ਼ਪੁਰ ਗੋਲਫ਼ ਐਸੋਸੀਏਸ਼ਨ ਵੱਲੋਂ ਗ

page-6-21-(OCTO)-2023-G-(BV).qxd 10/20/2023 9:34 PM Page 1

ਦੁਸਹਿਰਾ ਕਮੇਟੀ ਮੈਂਬਰਾਂ ਦੀਆਂ ਡਿਊਟੀਆਂ ਲਗਾਈਆਂ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਮਿੱਲ ਗਰਾਊਂਡ ਧਾਰੀਵਾਲ ਵਿਖੇ 24 ਅਕਤੂਬਰ ਨੂੰ ਮਨਾਏ ਜਾ ਰਹੇ ਪਵਿੱਤਰ ਤਿਉਹਾਰ ਦੁਸਹਿਰਾ ਦੇ ਸਬੰਧ ਵਿੱਚ ਦੁਸਹਿਰਾ ਕਮੇਟੀ ਧਾਰੀਵਾਲ ਦੇ ਪ੍ਰਧਾਨ ਹਨੀ ਮਹਾਜਨ ਨੇ ਕਮੇਟੀ ਮੈਂਬਰਾਂ ਸਮੇਤ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਦੁਸਹਿਰਾ ਗਰਾਊਂਡ ਦਾ ਜਾਇਜ਼ਾ ਲਿਆ। ਦੁਸਹਿਰਾ ਕਮੇਟੀ ਪ੍ਰਧਾਨ ਹਨੀ ਮਹਾਜਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹਿਰ ਤੇ ਇਲਾਕਾ ਨਿਵਾਸੀਆਂ ਅਤੇ ਸਮੁੱਚੀ ਦੁਸਹਿਰਾ ਕਮੇਟੀ ਦੇ ਸਹਿਯੋਗ ਨਾਲ ਇਸ ਵਾਰ ਬਦੀ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਦੁਸਹਿਰਾ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ।

ਇਸ ਸਬੰਧੀ ਦੁਸਹਿਰਾ ਸਮਾਗਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਕਮੇਟੀ ਮੈਂਬਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਅਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਆਵਾਜਾਈ ਅਤੇ ਸੁਰੱਖਿਆ ਲਈ ਸੁਚਾਰੂ ਪ੍ਰਬੰਧ ਕੀਤੇ ਜਾਣਗੇ। ਇਸ ਮੌਕੇ ਪ੍ਰਧਾਨ ਹਨੀ ਮਹਾਜਨ ਤੋਂ ਇਲਾਵਾ ਸਾਬਕਾ ਪ੍ਰਧਾਨ ਦੁਸਹਿਰਾ ਕਮੇਟੀ ਦੀਪਕ ਕੁਮਾਰ ਰਿਟੂ ਕੌਂਸਲਰ, ਰਕੇਸ਼ ਪੰਡਿਤ, ਸੰਜੀਵ ਸੋਨੀ, ਰੋਹਿਤ ਮਹਾਜਨ, ਸੌਰਵ ਤੁਲੀ, ਨਰਾਇਣ ਮਲਹੋਤਰਾ, ਬਰਿਦਰ ਸਿੰਘ ਛੋਟੇਪੁਰ, ਸਾਬਕਾ ਕੌਂਸਲਰ ਕੁਲਦੀਪ ਸਿੰਘ ਟੋਨੀ, ਤਹਿਸੀਲਦਾਰ ਅਰਵਿੰਦ ਸਲਵਾਨ, ਮਿੱਟੂ ਮਹਾਜਨ, ਰੋਹਿਤ ਮੈਂਗੀ, ਐਡਵੋਕੇਟ ਰਾਕੇਸ਼ ਰਣੀਆਂ, ਕੌਂਸਲਰ ਪਵਨ ਅਬਰੋਲ, ਜੋਤੀ ਮਹਾਜਨ, ਨੌਨੀ ਖੋਸਲਾ, ਕੌਂਸਲਰ ਕਰਨੈਲ ਸਿੰਘ, ਸੋਨੂੰ ਚੋਪੜਾ, ਨਵਲ ਮਹਾਜਨ, ਮਨੋਜ ਮਹਾਜਨ, ਡਾਕਟਰ ਚੰਦਰਮੁਨੀ, ਲਾਡੀ ਕਲਿਆਣਪੁਰ ਆਦਿ ਦੁਸਹਿਰਾ ਕਮੇਟੀ ਮੈਂਬਰਾਂ ਨੇ ਇਲਾਕਾ ਨਿਵਾਸੀਆਂ ਨੂੰ 24 ਅਕਤੂਬਰ ਨੂੰ ਮਿੱਲ ਗਰਾਊਂਡ ਧਾਰੀਵਾਲ ਵਿਖੇ ਪਹੁੰਚ ਕੇ ਦੁਸਹਿਰਾ ਸਮਾਗਮ ਦੀਆਂ ਰੌਣਕਾਂ ਵਧਾਉਣ ਅਤੇ ਭਗਵਾਨ ਸ੍ਰੀ ਰਾਮ ਚੰਦਰ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨ ਦੀ ਅਪੀਲ ਕੀਤੀ ਹੈ।

ਵਿਦਿਆਰਥੀਆਂ 'ਚ ਮੋਬਾਇਲ ਦੀ ਦੁਰਵਰਤੋਂ ਰੋਕਣ ਸਬੰਧੀ ਵਿਚਾਰ-ਚਰਚਾ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਦੇ ਸੋਸ਼ਲ ਸਾਇੰਸ ਅਧਿਆਪਕਾ ਸੁਖਵਿੰਦਰ ਕੌਰ ਵਲੋਂ ਵਿਦਿਆਰਥੀਆਂ ਵਿੱਚ ਮੋਬਾਈਲ ਫੋਨ ਦੀ ਦੁਰਵਰਤੋਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਸਬੰਧੀ ਵਿਚਾਰ ਚਰਚਾ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਮ ਵਿੱਚ ਸਕੂਲ ਦੇ ਪ੍ਰਿੰ. ਕਿਰਨ ਕੇਸਰ ਅਤੇ ਸੀਨੀਅਰ ਅਧਿਆਪਕ ਹਰਦੀਪ ਕੌਰ ਵੱਲੋਂ ਜੱਜ ਦੀ ਭੂਮਿਕਾ ਨਿਭਾਈ ਗਈ। ਵਿਚਾਰ ਚਰਚਾ ਦੌਰਾਨ ਵਿਦਿਆਰਥੀਆਂ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਆਪਣੇ ਵਿਚਾਰ ਪੇਸ਼ ਕੀਤੇ। ਵਿਦਿਆਰਥੀਆਂ ਨੇ ਮੋਬਾਈਲ ਫੋਨ ਦੀ ਦੁਰਵਰਤੋਂ ਦੇ ਨੁਕਸਾਨ ਦੱਸਦੇ ਹੋਏ ਕਿਹਾ ਕਿ ਵਿਦਿਆਰਥੀ ਵਰਗ ਨੂੰ ਮੋਬਾਈਲ ਫੋਨ ਦੀ ਦੁਰਵਰਤੋਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਬਹੁਤ ਹੀ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ। ਜ਼ਿਆਦਾ ਮੋਬਾਈਲ ਦੀ ਵਰਤੋਂ ਵਿਦਿਆਰਥੀਆਂ ਲਈ ਇੱਕ ਆਦਤ ਬਣ ਗਈ ਹੈ, ਇਹ ਆਦਤ ਉਨ੍ਹਾਂ ਨੂੰ ਸਮਾਜ ਤੋਂ ਬੇਮੁੱਖ ਕਰ ਰਹੀ ਹੈ। ਇਸ ਕਾਰਨ ਉਹ ਬਾਕੀ ਸਮਾਜਿਕ ਕਿਰਿਆਵਾਂ ਵਿੱਚ ਭਾਗ ਲੈਣ ਤੋਂ ਗੁਰੇਜ਼ ਕਰਦੇ ਹਨ। ਜ਼ਿਆਦਾ ਲੰਮਾ ਸਮਾਂ ਮੋਬਾਈਲ ਫੋਨ ਦੀ ਵਰਤੋਂ ਨਾਲ ਵਿਦਿਆਰਥੀਆਂ ਨੂੰ ਬੋਲੇਪਣ, ਨੇਤਰਹੀਣਤਾ ਅਤੇ ਬਰੇਨ ਟਿਊਮਰ ਆਦਿ ਭਿਆਨਕ ਸਰੀਰਕ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਆਦਾ ਲੰਮਾ ਸਮਾਂ ਮੋਬਾਈਲ ਫੋਨ ਦੀ ਵਰਤੋਂ ਨਾਲ ਵਿਦਿਆਰਥੀ ਆਪਣੇ ਕੀਮਤੀ ਸਮੇਂ ਨੂੰ ਵਿਅਰਥ ਗਵਾ ਰਹੇ ਹਨ। ਵਿਚਾਰ ਚਰਚਾ ਦੇ ਅੰਤ ਵਿੱਚ ਪ੍ਰਿੰ. ਕਿਰਨ ਕੇਸਰ ਦੁਆਰਾ ਵਿਦਿਆਰਥੀਆਂ ਨੂੰ ਮੋਬਾਈਲ ਫੋਨ ਦੀ ਦੁਰਵਰਤੋਂ ਤੋਂ ਬਚ ਕੇ ਸਮੇਂ ਦਾ ਸਹੀ ਪ੍ਰਯੋਗ ਕਰਨ ਅਤੇ ਆਪਣੀ ਪੜ੍ਹਾਈ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ।

ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾਵਾਂ www.ireps.gov.in ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

ਟੈਂਡਰ ਨੰਬਰ	251- ਬਿਜਲੀ-T-36/2023-24		
ਕੀਮਾਂ ਦਾ ਨਾਮ	ਬਡਗਾਮ ਵਿਚ ਬਿਨਾ ਕਵਰਸ਼ੇਡ ਦੇ 02 (ਦੋ) ਵਾਸ਼ਿੰਗ ਲਾਈਨ ਦੇ ਨਿਰਮਾਣ ਦੇ ਸਬੰਧ ਵਿਚ ਬਿਜਲੀ ਕੰਮ ਲਈ।		
ਅੰਦਾਜਨ ਲਾਗਤ (ਰੁ.)	₹99,74,450.30	ਬਿਆਨਾ ਰਾਸ਼ੀ (ਰੁ.)	₹1,99,500/-
ਕੰਮ ਦਾ ਸਮਾਂ	06 ਮਹੀਨੇ	ਵੈਬਸਾਈਟ	www.ireps.gov.in
ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ	10.11.2023 ਨੂੰ 15:00 ਵਜੇ ਦੇ ਬਾਅਦ		

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 27-ਬਿਜਲੀ-2023-24
ਮਿਤੀ 19.10.2023 3269/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਦੀ ਲੋਪੋਕੇ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਬੈਂਕ ਲਿਮ: ਲੋਪੋਕੇ ਦੇ ਬੋਰਡ ਆਫ ਡਾਇਰੈਕਟਰਜ ਦੀ ਚੋਣ ਸਬੰਧੀ ਬੈਂਕ ਵਲੋਂ ਤਿਆਰ ਕੀਤੇ ਗਏ ਤਜਵੀਜੀ ਜ਼ੋਨਾਂ ਸਬੰਧੀ।

ਨੋਟਿਸ

ਦੀ ਲੋਪੋਕੇ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਬੈਂਕ ਲਿਮ: ਲੋਪੋਕੇ ਦੇ ਬੋਰਡ ਆਫ ਡਾਇਰੈਕਟਰਜ ਦੀ ਚੋਣ ਸਬੰਧੀ ਬੈਂਕ ਵਲੋਂ 9 ਜ਼ੋਨ ਤਿਆਰ ਕੀਤੇ ਗਏ ਹਨ, ਜ਼ੋ ਕਿ ਪ੍ਰਵਾਨਗੀ ਹਿਤ ਇਸ ਦਫਤਰ ਨੂੰ ਪ੍ਰਾਪਤ ਹੋਏ ਹਨ। ਹਰ ਇੱਕ ਜ਼ੋਨ ਵਿੱਚੋਂ ਇੱਕ-ਇੱਕ ਡਾਇਰੈਕਟਰ ਚੁਣਿਆ ਜਾਣਾ ਹੈ। ਜੇਕਰ ਬੈਂਕ ਦੇ ਕਿਸੇ ਹਿੱਸੇਦਾਰ/ਮੈਂਬਰ ਨੂੰ ਇਨਾਂ ਜ਼ੋਨਾਂ ਦੀ ਬਣਤਰ ਤੇ ਕੋਈ ਇਤਰਾਜ ਹੋਵੇ ਤਾਂ ਉਹ ਨਿਮਨਹਸਤਾਖਰ ਦੇ ਦਫਤਰ ਵਿਖੇ ਮਿਤੀ 16.11.2023, ਦਿਨ ਵੀਰਵਾਰ ਨੂੰ ਸ਼ਾਮ 5:00 ਵਜੇ ਤੱਕ ਲਿਖਤੀ ਰੂਪ ਵਿੱਚ ਸਬੂਤ ਸਮੇਤ ਇਤਰਾਜ ਦਾਖਲ ਕਰ ਸਕਦਾ ਹੈ। ਪ੍ਰਾਪਤ ਹੋਏ ਇਤਰਾਜਾਂ ਦੀ ਸੁਣਵਾਈ ਮਿਤੀ 17.11.2023, ਦਿਨ ਸ਼ੁੱਕਰਵਾਰ ਨੂੰ ਸਵੇਰੇ 11:00 ਵਜੇ ਨਿਮਨਹਸਤਾਖਰ ਵਲੋਂ ਆਪਣੇ ਦਫਤਰ ਵਿਖੇ ਕੀਤੀ ਜਾਵੇਗੀ। ਇਤਰਾਜਕਰਤਾ ਖੁਦ ਜਾਂ ਆਪਣੇ ਵਕੀਲ ਰਾਹੀਂ ਸੁਣਵਾਈ ਸਮੇਂ ਹਾਜਰ ਆਉਣ। ਇਨਾਂ ਜ਼ੋਨਾਂ ਦੀ ਲਿਸਟ ਇੱਕ-ਇੱਕ ਪੜਤ/ਕਾਪੀ ਬੈਂਕ ਦੇ ਦਫਤਰ ਲੋਪੋਕੇ ਵਿਖੇ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਅਜਨਾਲਾ ਅਤੇ ਨਿਮਨਹਸਤਾਖਰ ਦੇ ਦਫਤਰ ਵਿਖੇ ਰੱਖੀ ਗਈ ਹੈ ਜ਼ੋ ਕਿ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇਂ ਵਿੱਚ ਆ ਕੇ ਦੇਖੀ ਜਾ ਸਕਦੀ ਹੈ।

ਮਿਤੀ : 19.10.2023 (ਸੁਨੀਲ ਕੁਮਾਰ) ਡਿਪਟੀ ਰਜਿਸਟਰਾਰ,ਸਹਿਕਾਰੀ ਸਭਾਵਾਂ ਅੰਮ੍ਰਿਤਸਰ।
ਸਥਾਨ : ਅੰਮ੍ਰਿਤਸਰ (ਪਲਾਟ ਨੰ:270, ਈਸਟ ਮੋਹਨ ਨਗਰ, 100 ਫੁੱਟੀ ਰੋਡ ਅੰਮ੍ਰਿਤਸਰ)

ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਉਪ ਮੁੱਖ ਬਿਜਲੀ ਇੰਜੀਨੀਅਰ/ਜੀਐਸਯੂ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

ਟੈਂਡਰ ਨੰਬਰ	27– ਬਿਜਲੀ/ਜੀਐਸਯੂ –T–18–2023–24
ਕੀਮਾਂ ਦਾ ਵੇਰਵਾ	BAHL-BRML ਅਨੁਭਾਗ ਵਿਚ ਅਨੰਤਨਾਗ ਸਟੇਸ਼ਨ ਤੇ ਮਾਲ ਸੰਭਾਲਣਾ ਸਹੂਲਤਾਂ ਦੇ ਪ੍ਰਾਵਧਾਨ ਦੇ ਨਾਲ ਬਿਜਲੀ ਕੰਮ ਲਈ।
ਅੰਦਾਜਨ ਲਾਗਤ (ਰੁ.)	3117359.04
ਬਿਆਨਾ ਰਾਸ਼ੀ (ਰੁ.)	62400.00
ਕੰਮ ਦਾ ਸਮਾਂ	04 Months
ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ	09-11-2023 after 15.00 Hrs.
ਵੈਬਸਾਈਟ	www.ireps.gov.in

ਖੁਲ੍ਹੀ ਨਿਵਿਦਾ ਸੂਚਨਾ ਨੰਬਰ ਐਨਆਈਟੀ-18/2023-24 ਮਿਤੀ 19.10.2023 3270/2023

ਉਤਰ ਰੇਲਵੇ

ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

ਨੀਲਾਮੀ ਸੂਚੀ ਨੰ.	FZRPARCEL-57
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ	30.10.2023 ਨੂੰ 11.00 ਵਜੇ
ਕੰਮ ਦਾ ਨਾਮ: ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 19028-F1, 19416-F1, 12422-F1, 22446-F1, 19612-F1, 11058-R1, 11058-F1, 11058-F2, 14650-F1, 05733-F1 & 12926-F1,	
ਨੀਲਾਮੀ ਸੂਚੀ ਨੰ.	EAFZR-WVM-6
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ	30.10.2023 ਨੂੰ 11.00 ਵਜੇ
ਕੰਮ ਦਾ ਨਾਮ: ਫਰੀਦਕੋਟ, ਫਿਲੌਰ, ਕਠੂਆ, ਫਿਰੋਜਪੁਰ ਛਾਉਣੀ ਤੇ ਉਧਮਪੁਰ ਰੇਲਵੇ ਸਟੇਸ਼ਨਾਂ ਤੇ ਵਾਟਰ ਵੇਡਿੰਗ ਮਸ਼ੀਨਾਂ ਦੇ ਸੰਚਾਲਨ ਅਤੇ ਰਖਰਖਾਅ ਦੇ ਲਈ ਠੇਕੇ ਦਾ ਅਲਾਟਮੈਂਟ।	
ਨੀਲਾਮੀ ਸੂਚੀ ਨੰ.	EAFZR-OH23-22
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ	31.10.2023 ਨੂੰ 10.30 ਵਜੇ
ਕੰਮ ਦਾ ਨਾਮ: (ਕ) ਪਠਾਨਕੋਟ, ਜਲੰਧਰ ਸਿਟੀ, ਜੰਮੂ ਤਵੀ, ਬਾਡੀ ਬ੍ਰਾਹਮਨਾ, ਸੁਜਾਨਪੁਰ, ਸਾਹਨੇਵਾਲ ਅਤੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਪਾਣੀ ਦੀਆਂ ਟੰਕੀਆਂ ਦੇ ਓਵਰਹੇਡ ਦੇ ਬਾਹਰੀ ਹਿਸੇ ਤੇ ਵਾਣਿਜਕ ਵਿਗਿਆਪਨ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ। (ਖ) ਛੀਨਾ, ਵੇਰਵਾ, ਜੈਂਤੀਪੁਰਾ, ਬਟਾਲਾ, ਭਗਤਾਂਵਾਲਾ, ਅਤੇ ਪੱਟੀ ਰੇਲਵੇ ਸਟੇਸ਼ਨ ਤੇ ਸਟੇ ਲੇਵਲ ਕ੍ਰਾਸਿੰਗ ਤੇ ਹੋਰਡਿੰਗਸ ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ। (ਗ) ਮਖੂ ਤੇ ਨਕੋਦਰ ਰੇਲਵੇ ਸਟੇਸ਼ਨ ਤੇ ਪਾਣੀ ਦੀਆਂ ਟੰਕੀਆਂ ਦੇ ਓਵਰਹੇਡ ਦੇ ਬਾਹਰੀ ਹਿਸੇ ਅਤੇ ਹੋਰਡਿੰਗ ਦੇ ਮਾਧਿਅਮ ਨਾਲ ਵਾਣਿਜਕ ਵਿਗਿਆਪਨ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ।	
ਨੀਲਾਮੀ ਸੂਚੀ ਨੰ.	EAFZR-PnU23-15
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ	31.10.2023 ਨੂੰ 11.30 ਵਜੇ
ਕੰਮ ਦਾ ਨਾਮ: ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਪੇ ਐਂਡ ਯੋਜ਼ ਸ਼ੌਚਾਲਯਾਂ ਦੇ ਸੰਚਾਲਨ ਅਤੇ ਰਖਰਖਾਅ ਦੇ ਲਈ ਠੇਕੇ ਦਾ ਅਲਾਟਮੈਂਟ।	

ਵਿਸਤ੍ਰਿਤ ਜਾਣਕਾਰੀ ਅਤੇ ਰਜਿਸਟਰੇਸ਼ਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

3259/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਰੇਲਗੱਡੀਆਂ ਦਾ ਰੱਦਕਰਨਾ ਅਤੇ ਵਿਨਿਯਮਨ

ਆਧਾਰਭੂਤ ਰੇਲ ਅਵਸੰਰਚਨਾ ਦੇ ਉਨਨਯਨ ਲਈ ਉੱਤਰ ਰੇਲਵੇ ਦੇ ਮੁਰਾਦਾਬਾਦ ਮੰਡਲ ਦੁਵਾਰਾ ਸਹਾਰਨਪੁਰ – ਮੁਰਾਦਾਬਾਦ ਸੈਕਸ਼ਨ ਦੇ ਵਿਚ ਅਪ ਲੂਪ ਲਾਇਨ ਚਾਲੂ ਕਰਨ ਦੇ ਸਬੰਧ ਵਿਚ ਮਤਲਬਪੁਰ ਸਟੇਸ਼ਨ ਉਤੇ ਨਾਨ-ਇੰਟਰਲਾਕਿੰਗ ਦਾ ਕੰਮ ਕੀਤਾ ਜਾਵੇਗਾ । ਇਸ ਕੰਮ ਦੇ ਪੂਰਾ ਕਰਨ ਦੇ ਲਈ ਮੁਰਾਦਾਬਾਦ ਮੰਡਲ ਦੁਵਾਰਾ ਮਿਤੀ 24.10.2023 ਤੋਂ 31.10.2023 ਤਕ ਵੱਖ-ਵੱਖ ਅਵੱਧੀਆਂ ਦੇ ਉਪਯੁਕਤ ਟ੍ਰੈਫਿਕ ਬਲਾਕਸ ਲਿਤੇ ਜਾਣਗੇ । ਪਰਿਣਾਮਸਵਰੂਪ, ਬਲਾਕਸ ਦੀ ਅਵੱਧੀ ਦੇ ਦੋਰਾਨ ਹੇਠਾ ਲਿਖੀ ਰੇਲਗੱਡੀਆਂ ਇਨ੍ਹਾਂ ਦੇ ਸਾਹਮਣੇ ਦਸੀ ਗਈ ਮਿਤੀਆਂ ਨੂੰ ਰੱਦ ਅਤੇ ਹੇਠਾ ਅਨੁਸਾਰ ਰੋਕ ਕੇ ਚਲਾਈ ਜਾਵੇਗੀ :-

ਰੇਲਗੱਡੀਆਂ ਦਾ ਰੱਦਕਰਨਾ

ਰੇਲਗੱਡੀ ਨੰ:	ਰੇਲਗੱਡੀ ਦਾ ਨਾਮ	ਰੱਦ ਕਰਨ ਦੀ ਮਿਤੀ (ਸ਼ੁਰੂ ਸਟੇਸ਼ਨ ਤੋਂ)
04301	ਮੁਰਾਦਾਬਾਦ – ਸਹਾਰਨਪੁਰ ਐਮਈਐਮਯੂ ਸਪੈਸ਼ਲ ਐਕਸਪ੍ਰੈਸ	28.10.2023 ਤੋਂ 31.10.2023
04302	ਸਹਾਰਨਪੁਰ – ਮੁਰਾਦਾਬਾਦ ਐਮਈਐਮਯੂ ਸਪੈਸ਼ਲ ਐਕਸਪ੍ਰੈਸ	28.10.2023 ਤੋਂ 31.10.2023
04359	ਚੰਦੋਸੀ ਜੰਕਸ਼ਨ – ਰਿਸ਼ੀਕੇਸ਼ ਸਪੈਸ਼ਲ ਐਕਸਪ੍ਰੈਸ	28.10.2023 ਤੋਂ 31.10.2023
04360	ਰਿਸ਼ੀਕੇਸ਼ – ਚੰਦੋਸੀ ਜੰਕਸ਼ਨ ਸਪੈਸ਼ਲ ਐਕਸਪ੍ਰੈਸ	27.10.2023 ਤੋਂ 30.10.2023

ਰੋਕਕੇ ਚਲਾਈ ਜਾਣ ਵਾਲੀ ਰੇਲਗੱਡੀਆਂ

ਰੇਲਗੱਡੀ ਨੰ: ਅਤੇ ਨਾਮ	ਸਟੇਸ਼ਨ ਜਿਥੇ ਉਤੇ ਰੇਲਗੱਡੀ ਰੋਕਕੇ ਚਲਾਈ ਜਾਵੇਗੀ
15933 ਨਯੂ ਤਿਨਸੁਕਿਯਾ – ਅੰਮ੍ਰਿਤਸਰ ਜੰ: ਐਕਸਪ੍ਰੈਸ	ਮਿਤੀ 24.10.2023 ਨੂੰ ਅਪਣੇ ਰੂਟ ਉਤੇ 30 ਮਿਨਟ ਦੇ ਲਈ ਰੋਕ ਕੇ ਚਲਾਈ ਜਾਵੇਗੀ
22355 ਪਾਟਲੀਪੁਤਰ – ਚੰਡੀਗੜ੍ਹ ਐਕਸਪ੍ਰੈਸ	ਮਿਤੀ 25.10.2023 ਨੂੰ ਅਪਣੇ ਰੂਟ ਉਤੇ 60 ਮਿਨਟ ਅਤੇ ਮਿਤੀ 29.10.2023 ਨੂੰ ਅਪਣੇ ਰੂਟ ਉਤੇ 120 ਮਿਨਟ ਦੇ ਲਈ ਰੋਕ ਕੇ ਚਲਾਈ ਜਾਵੇਗੀ
12369 ਹਾਵੜਾ ਜੰ: – ਦੇਹਰਾਦੂਨ ਐਕਸਪ੍ਰੈਸ	ਮਿਤੀ 26.10.2023 ਨੂੰ ਅਪਣੇ ਰੂਟ ਉਤੇ 30 ਮਿਨਟ ਅਤੇ ਮਿਤੀ 29.10.2023 ਨੂੰ ਅਪਣੇ ਰੂਟ ਉਤੇ 90 ਮਿਨਟ ਦੇ ਲਈ ਰੋਕ ਕੇ ਚਲਾਈ ਜਾਵੇਗੀ
12327 ਹਾਵੜਾ ਜੰ: – ਦੇਹਰਾਦੂਨ ਐਕਸਪ੍ਰੈਸ	ਮਿਤੀ 27.10.2023 ਨੂੰ ਅਪਣੇ ਰੂਟ ਉਤੇ 60 ਮਿਨਟ ਦੇ ਲਈ ਰੋਕ ਕੇ ਚਲਾਈ ਜਾਵੇਗੀ
12326 ਨੰਗਲ ਡੈਮ – ਕੋਲਕਤਾ ਐਕਸਪ੍ਰੈਸ	ਮਿਤੀ 28.10.2023 ਨੂੰ ਅਪਣੇ ਰੂਟ ਉਤੇ 30 ਮਿਨਟ ਦੇ ਲਈ ਰੋਕ ਕੇ ਚਲਾਈ ਜਾਵੇਗੀ
22317 ਸਿਯਾਲਦਹ – ਜੰਮੂ ਤਵੀ ਐਕਸਪ੍ਰੈਸ	ਮਿਤੀ 30.10.2023 ਨੂੰ ਅਪਣੇ ਰੂਟ ਉਤੇ 120 ਮਿਨਟ ਦੇ ਲਈ ਰੋਕ ਕੇ ਚਲਾਈ ਜਾਵੇਗੀ
12318 ਅੰਮ੍ਰਿਤਸਰ – ਕੋਲਕਤਾ ਐਕ

21-OCT-PAGE-7.qxd 10/20/2023 9:28 PM Page 1

ਸਾਂਝਾ ਅਧਿਆਪਕ ਮੋਰਚਾ ਨੇ ਬਦਲੀਆਂ ਖਿਲਾਫ ਸਰਕਾਰ ਦਾ ਪੁਤਲਾ ਫੂਕਿਆ

ਜ਼ੀਰਾ (ਨਰਿੰਦਰ ਅਨੇਜਾ)-ਅਧਿਆਪਕ ਵਰਗ ਦੇ ਸਾਂਝੇ ਮਸਲਿਆਂ ਨੂੰ ਲੈ ਕੇ ਰੋਹ ਵਿੱਚ ਆਏ ਅਧਿਆਪਕ ਵਰਗ ਵੱਲੋਂ ਸਾਂਝਾ ਅਧਿਆਪਕ ਮੋਰਚਾ ਦੇ ਸੱਦੇ 'ਤੇ ਜ਼ੀਰਾ ਵਿਖੇ ਬਲਵਿੰਦਰ ਸਿੰਘ ਭੁੱਟੋ ਤੇ ਨਵੀਨ ਕੁਮਾਰ ਸਚਦੇਵਾ, ਬਲਵਿੰਦਰ ਸਿੰਘ ਸੰਧੂ, ਬਾਜ ਸਿੰਘ ਭੁੱਲਰ ਤੇ ਗੁਰਪਾਲ ਜ਼ੀਰਵੀ ਦੀ ਰਹਿਨੁਮਾਈ ਹੇਠ ਪੰਜਾਬ ਸਰਕਾਰ ਦਾ ਅਰਥੀ ਫੂਕ ਮੁਜ਼ਾਹਰਾ ਕੀਤਾ ਅਤੇ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਮੰਗ ਕੀਤੀ ਕਿ ਪੰਜਾਬ ਸਰਕਾਰ ਮੁਲਾਜ਼ਮ ਮਾਰੂ ਫੈਸਲਿਆਂ ਨੂੰ ਨੱਥ ਪਾਵੇ, ਨਹੀਂ ਤਾਂ ਉਸ ਨੂੰ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨਾ ਪਵੇਗਾ। ਇਸ ਮੌਕੇ ਪ੍ਰੈੱਸ ਨੋਟ ਜਾਰੀ ਕਰਦਿਆਂ ਅਧਿਆਪਕ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਧਿਆਪਕ ਬਦਲੀ ਨੀਤੀ ਨੂੰ ਛਿੱਕੇ ਟੰਗ ਕੇ ਅਧਿਆਪਕਾਂ ਦੀਆਂ ਦੂਰ-ਦੁਰਾਡੇ ਦੇ ਐਮੀਨੈਂਸ ਸਕੂਲਾਂ 'ਚ ਜਬਰੀ ਕੀਤੀਆਂ ਬਦਲੀਆਂ ਦੇ ਵਿਰੋਧ, ਅਧਿਆਪਕਾਂ ਨੂੰ ਰੈਗੂਲਰ ਕਰਨ ਦੀ ਬਜਾਏ ਸਿਰਫ ਮਾਣ ਭੱਤਾ ਵਧਾ ਕੇ ਡੰਗ ਟਪਾਉਣ ਦੇ ਵਿਰੋਧ ਅਤੇ 15-01-2015 ਦੇ ਨੋਟੀਫਿਕੇਸ਼ਨ ਨੂੰ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ-ਕੋਰਟ ਵੱਲੋਂ ਰੱਦ ਕਰਕੇ ਪਰਖ ਸਮੇਂ 'ਚ ਪੂਰੀ ਤਨਖਾਹ ਦੇਣ ਦੇ ਦਿੱਤੇ ਫੈਸਲੇ ਨੂੰ ਲਾਗੂ ਨਾ ਕਰਨ ਦੇ ਵਿਰੋਧ, ਪੁਰਾਣੀ ਪੈਨਸ਼ਨ ਲਾਗੂ ਨਾ ਕਰਨ ਤੇ ਅਧਿਆਪਕ ਮੁਲਾਜ਼ਮਾਂ ਦੀਆਂ ਹੋਰ ਹੱਕੀ ਮੰਗਾਂ ਨਾ ਮੰਨਣ ਦੇ ਵਿਰੋਧ ਵਜੋਂ ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਦਿੱਤੇ ਐਕਸ਼ਨ ਅਨੁਸਾਰ ਅੱਜ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਮੁਜ਼ਾਹਰਾ ਕੀਤਾ ਗਿਆ। ਰੋਸ ਧਰਨੇ ਵਿੱਚ ਹੋਰਨਾਂ ਤੋਂ ਇਲਾਵਾ ਮਾਸਟਰ ਬਲਵਿੰਦਰ ਸਿੰਘ ਭੁੱਟੋ, ਸੁਖਦੇਵ ਸਿੰਘ, ਰਾਜੀਵ ਕੁਮਾਰ, ਤੇਜਿੰਦਰ ਸਿੰਘ, ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਨਸੀਬ ਸਿੰਘ, ਹਰਪਾਲ ਸਿੰਘ, ਰਾਜ ਸਿੰਘ, ਸਨਦੀਪ ਵਿਨਾਇਕ, ਰਾਜਿੰਦਰ ਸਿੰਘ, ਬਲਵਿੰਦਰ ਸਿੰਘ, ਬਾਜ ਸਿੰਘ ਭੁੱਲਰ, ਨਵੀਨ ਕੁਮਾਰ ਸਚਦੇਵਾ, ਗੁਰਪਾਲ ਸਿੰਘ ਜ਼ੀਰਵੀ, ਨੀਰਜ ਕੁਮਾਰ, ਗੁਰਸ਼ਾਮ ਸਿੰਘ, ਜੋਗਿੰਦਰ ਸਿੰਘ ਕੰਡਿਆਲ, ਜਗਸੀਰ ਸਿੰਘ ਗਿੱਲ, ਗੁਰਚਰਨ ਸਿੰਘ ਕਲਸੀ, ਬਲਜਿੰਦਰ ਸਿੰਘ, ਪ੍ਰੇਮ ਸਿੰਘ ਹੈੱਡ ਟੀਚਰ ਆਦਿ ਹਾਜ਼ਰ ਸਨ।

ਨਗਰ ਕੌਂਸਲ ਜੈਤੋ ਦੇ ਰਿਕਾਰਡ ਦੀ ਮੁੜ ਹੋਵੇ ਵਿਜੀਲੈਂਸ ਜਾਂਚ

ਡਿਸਪੈਚ ਰਜਿਸਟਰ ਕੀਤਾ ਗਾਇਬ

ਜੈਤੋ (ਸਤੀਸ਼ ਕੁਮਾਰ ਭੀਰੀ)-ਭ੍ਰਿਸ਼ਟਾਚਾਰ, ਘਪਲੇਬਾਜ਼ੀ, ਕਾਨੂੰਨ ਦੀਆਂ ਧੱਜੀਆਂ ਉਡਾਉਣ ਤੇ ਕੰਮਾਂ ਵਿੱਚ ਊਣਤਾਈਆਂ ਦਾ ਦੈਂਤ ਨਗਰ ਕੌਂਸਲ ਜੈਤੋ ਦਾ ਖਹਿੜਾ ਨਹੀਂ ਛੱਡ ਰਿਹਾ ਹੈ, ਜਿਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਕੌਂਸਲ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਵੱਲੋਂ ਆਪਣੀ ਤਨਖਾਹ, ਮੈਡੀਕਲ ਬਿੱਲ ਤੇ ਹੋਰ ਸਹੂਲਤਾਂ ਪ੍ਰਾਪਤ ਕਰਨ ਤੋਂ ਇਲਾਵਾ ਆਮ ਲੋਕਾਂ ਦੇ ਕੰਮਾਂ ਤੋਂ ਕੰਨੀ ਕਤਰਾਉਂਦੇ ਹੋਏ ਮਹਾਰਾਜਿਆਂ ਵਾਲੀ ਜ਼ਿੰਦਗੀ ਜਿਉਣ ਨੂੰ ਪਹਿਲ ਦੇਣਾ ਹੈ।

ਜੇਕਰ ਨਗਰ ਕੌਂਸਲ ਬਾਰੇ ਖੁੱਲਵ ਕੇ ਦੱਸਿਆ ਜਾਵੇ ਤਾਂ ਕੌਂਸਲ ਦੇ ਪਹਿਲੇ ਕਰਮਚਾਰੀਆਂ ਤੇ ਅਧਿਕਾਰੀਆਂ ਵੱਲੋਂ ਕੀਤੇ ਗਏ ਕਥਿਤ ਕਾਲੇ ਕਾਰਨਾਮਿਆਂ ਅਤੇ ਭ੍ਰਿਸ਼ਟਾਚਾਰ ਕਰਕੇ ਨਗਰ ਕੌਂਸਲ ਦਾ ਕੰਮ ਲਗਭਗ ਠੱਪ ਹੋ ਚੁੱਕਾ ਹੈ। ਇੱਥੇ ਦੱਸਣਯੋਗ ਹੈ ਕਿ ਨਗਰ ਕੌਂਸਲ ਵੱਲੋਂ ਆਰ ਟੀ ਆਈ ਐਕਟ ਦੀਆਂ ਧੱਜੀਆਂ ਉਡਾਉਂਦੇ ਹੋਏ ਵਿਭਾਗ ਨੂੰ ਨਾ ਕੇਵਲ ਲੱਖਾਂ ਰੁਪਏ ਦਾ ਚੂਨਾ ਲਾਇਆ ਗਿਆ, ਬਲਕਿ ਵੱਡੇ ਪੱਧਰ 'ਤੇ ਰਿਕਾਰਡ ਵਿੱਚ ਹੇਰ-ਫੇਰ ਤੇ ਰਿਕਾਰਡ ਨੂੰ ਖੁਰਦ-ਬੁਰਦ ਕਰਕੇ ਪੰਜਾਬ ਭਰ ਵਿੱਚ ਕਿਰਕਿਰੀ ਵੀ ਕਰਵਾਈ ਜਾ ਰਹੀ ਹੈ। ਇਸ ਮਾਮਲੇ ਦਾ ਨਵਾਂ ਤੇ ਹੈਰਾਨ ਕਰਨ ਵਾਲਾ ਪਹਿਲੂ ਇਹ ਹੈ ਕਿ ਸ਼ਹਿਰ ਦੇ ਆਰ ਟੀ ਆਈ ਕਾਰਕੁਨ ਵੱਲੋਂ ਕੁਝ ਦਿਨ ਪਹਿਲਾਂ ਪੀ ਆਈ ਓ-ਕਮ-ਕਾਰਜ ਸਾਧਕ ਅਫਸਰ ਨਗਰ ਕੌਂਸਲ ਜੈਤੋ ਤੋਂ ਸੂਚਨਾ ਮੰਗੀ ਗਈ ਸੀ ਕਿ ਜੂਨ ਤੋਂ ਅਕਤੂਬਰ ਤੱਕ ਦੇ ਡਿਸਪੈਚ ਰਜਿਸਟਰ ਦੀਆਂ ਕਾਪੀਆਂ ਦਿੱਤੀਆਂ ਜਾਣ, ਜਿਸ ਸਬੰਧੀ ਪੀ ਆਈ ਓ ਵੱਲੋਂ ਅੱਜ ਆਰ ਟੀ ਆਈ ਕਾਰਕੁਨ ਨੂੰ ਲਿਖ ਕੇ ਦਿੱਤਾ ਹੈ ਕਿ 30 ਅਗਸਤ ਤੱਕ ਦਾ ਡਿਸਪੈਚ ਰਜਿਸਟਰ ਪਹਿਲਾਂ ਵਾਲੇ ਕਾਰਜ ਸਾਧਕ ਅਫਸਰ ਰਵੀ ਕੁਮਾਰ ਜਿੰਦਲ ਲੈ ਗਏ ਹਨ, ਕਿਉਂਕਿ ਉਸ ਰਜਿਸਟਰ ਵਿੱਚ ਅਨੇਕਾਂ ਕਾਲਮ ਖਾਲੀ ਛੱਡੇ ਗਏ ਸਨ ਤੇ ਰਵੀ ਕੁਮਾਰ ਜਿੰਦਲ ਨੇ ਕਿਹਾ ਕਿ ਉਹ ਉਨ੍ਹਾਂ ਕਾਲਮਾਂ ਨੂੰ ਭਰ ਕੇ ਰਜਿਸਟਰ ਵਾਪਸ ਕਰ ਦੇਣਗੇ। ਇਸ ਸਬੰਧੀ ਪੱਖ ਲੈਣ ਲਈ ਤੱਤਕਾਲੀ ਕਾਰਜ ਸਾਧਕ ਅਫਸਰ ਰਵੀ ਕੁਮਾਰ ਜਿੰਦਲ ਨੂੰ ਫੋਨ ਕੀਤਾ ਤਾਂ ਉਨ੍ਹਾਂ ਕਿਹਾ ਕਿ ਉਹ ਕੋਈ ਵੀ ਰਿਕਾਰਡ ਜਾਂ ਰਜਿਸਟਰ ਆਪਣੇ ਨਾਲ ਲੈ ਕੇ ਨਹੀਂ ਗਏ ਹਨ, ਰਵੀ ਕੁਮਾਰ ਜਿੰਦਲ ਨੇ ਕਿਹਾ ਕਿ ਜਦੋਂ ਮੇਰੀ ਜੈਤੋ ਤੋਂ ਬਦਲੀ ਹੀ ਹੋ ਚੁੱਕੀ ਹੈ ਤਾਂ ਉਹ ਡਿਸਪੈਚ ਰਜਿਸਟਰ ਕਿਵੇਂ ਲੈ ਕੇ ਜਾ ਸਕਦੇ ਹਨ। ਇੱਥੇ ਦੱਸਣਯੋਗ ਗੱਲ ਇਹ ਹੈ ਕਿ ਨਗਰ ਕੌਂਸਲ ਜੈਤੋ ਦੇ ਰਿਕਾਰਡ ਵਿੱਚ ਹੇਰ-ਫੇਰ ਹੋਣ ਕਰਕੇ ਪਿਛਲੇ ਲੰਮੇ ਸਮੇਂ ਤੋਂ ਵਿਜੀਲੈਂਸ ਜਾਂਚ ਹੋ ਰਹੀ ਹੈ, ਪ੍ਰੰਤੂ ਨਗਰ ਕੌਂਸਲ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਉੱਤੇ ਵਿਜੀਲੈਂਸ ਜਾਂਚ ਦਾ ਕੋਈ ਡਰ ਭੈਅ ਨਜ਼ਰ ਨਹੀਂ ਆ ਰਿਹਾ ਤੇ ਰਿਕਾਰਡ ਨੂੰ ਖੁਰਦ ਬੁਰਦ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਤੇ ਗੁੰਮ ਕੀਤੇ ਗਏ ਡਿਸਪੈਚ ਰਜਿਸਟਰ ਵਿੱਚ ਖਾਲੀ ਛੱਡੇ ਗਏ ਕਾਲਮ ਫਰਜ਼ੀ ਇੰਟਰੀਆਂ ਕਰਕੇ ਨਗਰ ਕੌਂਸਲ ਅਧਿਕਾਰੀਆਂ ਵੱਲੋਂ ਕੀਤੇ ਜਾਣ ਵਾਲੇ ਕਿਸੇ ਵੱਡੇ ਘਪਲੇ ਤੇ ਹੇਰ-ਫੇਰ ਨੂੰ ਸੱਦਾ ਦਿੱਤੇ ਜਾਣ ਵੱਲ ਇਸ਼ਾਰਾ ਕਰ ਰਹੇ ਹਨ।

ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੀ ਮੀਟਿੰਗ ਹੋਈ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਮੀਟਿੰਗ ਵੱਲੋਂ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਤੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਕੜਮਾ ਦੀ ਅਗਵਾਈ ਵਿੱਚ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਕੀਤੀ ਗਈ।ਇਸ ਮੌਕੇ ਬੁਲਾਰਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਹਾੜੀ ਦੀਆਂ ਫਸਲਾਂ ਦੇ ਭਾਅ ਵਿੱਚ ਕੀਤੇ ਵਾਧੇ ਨੂੰ ਨਿਗੂਣਾ ਦੱਸਦੀਆਂ ਰੱਦ ਕਰ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਮਾਲਵੇ ਵਿੱਚ ਜ਼ਮੀਨ ਦਾ ਠੇਕਾ ਪਿਛਲੇ ਸਾਲ 74000 ਰੁਪਏ ਪ੍ਰਤੀ ਏਕੜ ਤੋਂ ਵਧਾ ਕੇ 80000 ਰੁਪਏ ਪ੍ਰਤੀ ਏਕੜ ਹੋ ਗਿਆ ਹੈ।ਬ੍ਰਾਂਡਿਡ ਕੀੜੇਮਾਰ ਦਵਾਈ 6600 ਰੁਪਏ ਤੋਂ ਵੱਧ ਕੇ 7300 ਰੁਪਏ, 826 ਕਣਕ ਦੇ ਬੀਜ ਦਾ ਥੈਲਾ ਥੋਕ ਵਿੱਚ 2000 ਰੁਪਏ ਅਤੇ ਕਿਸਾਨਾਂ ਨੂੰ 2200 ਤੋਂ 2300 ਰੁਪਏ ਵਿੱਚ ਮਿਲੇਗਾ ਡੀਜ਼ਲ ਦੇ ਰੇਟ ਵਿਚ ਕੌਮਾਂਤਰੀ ਕੀਮਤ ਘਟਣ ਦੇ ਬਾਵਜੂਦ ਲਗਭਗ 20 ਰੁਪਏ ਪ੍ਰਤੀ ਲੀਟਰ ਵਾਧਾ ਹੋ ਚੁੱਕਾ ਹੈ।ਇਸ ਤਰ੍ਹਾਂ ਠੇਕੇ ਦਾ ਰੇਟ 8 ਪ੍ਰਤੀਸ਼ਤ ਤੇ ਦਵਾਈਆਂ ਦਾ ਰੇਟ 11 ਪ੍ਰਤੀਸ਼ਤ ਵਧਿਆ ਹੈ।ਇਸ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਜਨਵਰੀ 2023 ਤੋਂ ਮਹਿਗਾਈ ਭੱਤਾ 4 ਪ੍ਰਤੀਸ਼ਤ ਅਤੇ ਜੁਲਾਈ 2023 ਤੋਂ ਮਹਿੰਗਾਈ ਭੱਤਾ ਫਿਰ 4 ਪ੍ਰਤੀਸ਼ਤ ਜਾਰੀ ਕੀਤਾ ਹੈ, ਭਾਵੇਂ ਕਿ ਮੁਲਾਜ਼ਮਾਂ ਨੂੰ ਦਿੱਤਾ ਇਹ ਮਹਿੰਗਾਈ ਭੱਤਾ ਦੇਣ ਸਮੇਂ ਵੀ ਸਰਕਾਰ ਵੱਲੋਂ ਅੰਕੜਿਆਂ ਦੀ ਹੇਰ ਫੇਰ ਕਰਕੇ ਅਸਲ ਵਿਚ ਵਧੀ ਮਹਿੰਗਾਈ ਨਾਲੋਂ ਕਿਤੇ ਘੱਟ ਦਿੱਤਾ ਜਾਂਦਾ ਹੈ।

ਕਿਸਾਨਾਂ ਨੂੰ ਕਣਕ ਦੇ ਭਾਅ ਵਿੱਚ ਵਾਧਾ 2125 ਤੋਂ ਵਧਾ ਕੇ 2275 ਰੁਪਏ ਕੀਤਾ ਗਿਆ ਹੈ, ਜੋ ਕੇ ਸਿਰਫ 7.06 ਪ੍ਰਤੀਸ਼ਤ ਬਣਦਾ ਹੈ।ਇਸ ਤਰ੍ਹਾਂ ਕਿਸਾਨ ਦੀ ਅਸਲ ਆਮਦਨ ਮਹਿਗਾਈ ਤੋਂ ਘੱਟ ਗਈ ਹੈ।ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਗੁਲਜ਼ਾਰ ਸਿੰਘ ਕੱਬਰਵੱਛਾ, ਜ਼ਿਲ੍ਹਾ ਖ਼ਜ਼ਾਨਚੀ ਜੰਗੀਰ ਸਿੰਘ ਖਹਿਰਾ, ਜ਼ਿਲ੍ਹ ਪ੍ਰੈੱਸ ਸਕੱਤਰ ਲਖਵੀਰ ਸਿੰਘ ਡੋਡ, ਜ਼ਿਲ੍ਹਾ ਮੈਂਬਰ ਦਿਲਬਾਗ ਸਿੰਘ ਸੁਰ ਸਿੰਘ ਵਾਲਾ, ਜ਼ਿਲ੍ਹਾ ਮੈਂਬਰ ਸ਼ਮਸ਼ੇਰ ਸਿੰਘ ਸ਼ਹਿਜ਼ਾਦੀ, ਬਲਾਕ ਮਮਦੋਟ ਪ੍ਰਧਾਨ ਬਲਕਾਰ ਸਿੰਘ ਜੋਧਪੁਰ, ਬਲਾਕ ਗੁਰੂਹਰਸਹਾਏ 1 ਤੋਂ ਬਲਾਕ ਪ੍ਰਧਾਨ ਅਸ਼ੋਕ ਕੁਮਾਰ ਜੰਡਵਾਲਾ, ਬਲਾਕ ਗੁਰੂਹਰਸਹਾਏ 2 ਤੋਂ ਬਲਾਕ ਪ੍ਰਧਾਨ ਮਾਸਟਰ ਪੂਰਨ ਚੰਦ, ਬਲਾਕ ਮੱਖੂ ਤੋਂ ਬਲਾਕ ਪ੍ਰਧਾਨ ਸੁਰਿੰਦਰ ਸਿੰਘ ਘੁੱਦੂਵਾਲਾ, ਬਲਾਕ ਜ਼ੀਰਾ ਤੋਂ ਬਲਾਕ ਪ੍ਰਧਾਨ ਪ੍ਰਨੀਤ ਸਿੰਘ ਭੜਾਣਾ, ਬਲਾਕ ਘੱਲ ਤੋਂ ਬਲਾਕ ਪ੍ਰਧਾਨ ਸਾਹਿਬ ਸਿੰਘ ਵਾੜਾ ਭਾਈ ਕਾ, ਬਲਾਕ ਫਿਰੋਜ਼ਪਰ ਤੋਂ ਅਮਰੀਕ ਸਿੰਘ ਪੱਲਾ ਮੇਘਾ ਤੇ ਜੋਗਿੰਦਰ ਸਿੰਘ ਨੂਰਪੁਰ ਆਦਿ ਹਾਜ਼ਰ ਸਨ।

ਕਾਤਰਾਂ

ਕਰੀਰ ਪਰਵਾਰ ਨੂੰ ਸਦਮਾ, ਮਾਤਾ ਦਾ ਦੇਹਾਂਤ

ਜ਼ੀਰਾ (ਨਰਿੰਦਰ ਅਨੇਜਾ)-ਮਾਸਟਰ ਹਰਚਰਨਜੀਤ ਸਿੰਘ ਕਰੀਰ ਤੇ ਡਾਕਟਰ ਕੁਲਦੀਪ ਸਿੰਘ ਕਰੀਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਸਰਦਾਰਨੀ ਮਨਜੀਤ ਕੌਰ (86) ਪਤਨੀ ਸਵ: ਗਿਆਨ ਸਿੰਘ ਕਰੀਰ ਅਚਾਨਕ ਅਕਾਲ ਚਲਾਣਾ ਕਰ ਗਏ। ਇਸ ਮੌਕੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ, ਚੇਅਰਮੈਨ ਮਹਿੰਦਰਜੀਤ ਸਿੰਘ ਜ਼ੀਰਾ, ਨਗਰ ਕੌਂਸਲ ਜ਼ੀਰਾ ਦੇ ਪ੍ਰਧਾਨ ਰਛਪਾਲ ਸਿੰਘ, ਬਾਬਾ ਕਰਨੈਲ ਸਿੰਘ, ਆਪ ਆਗੂ ਗੁਰਪ੍ਰੀਤ ਸਿੰਘ ਗੋਰਾ, ਬੀਜੇਪੀ ਦੇ ਅਵਤਾਰ ਸਿੰਘ ਜ਼ੀਰਾ, ਜਸਵੰਤ ਸਿੰਘ ਨਾਮਦੇਵ, ਪ੍ਰਿੰਸੀਪਲ ਰਾਕੇਸ਼ ਸ਼ਰਮਾ, ਡਾ: ਆਤਮਾ ਸਿੰਘ, ਗੁਰਪ੍ਰੀਤ ਸਿੰਘ ਜੱਜ, ਪ੍ਰਿੰਸੀਪਲ ਚਮਕੌਰ ਸਿੰਘ ਸਰਾਂ, ਰਾਜੇਸ਼ ਕੁਮਾਰ ਢੰਡ ਤੋਂ ਇਲਾਵਾ ਵਕੀਲ ਭਾਈਚਾਰੇ ਵੱਲੋਂ ਪ੍ਰਧਾਨ ਹਰਵਿੰਦਰ ਸਿੰਘ ਤੇ ਸਮੂਹ ਮੈਂਬਰ ਬਾਰ ਯੂਨੀਅਨ, ਸਮੂਹ ਟਰੇਡ ਯੂਨੀਅਨ ਕੌਂਸਲ ਜ਼ੀਰਾ, ਨਾਮਦੇਵ ਸੇਵਾ ਸੁਸਾਇਟੀ ਜ਼ੀਰਾ, ਹੈਲਪਿੰਗ ਹੈਂਡਜ਼ ਸੰਸਥਾ ਜ਼ੀਰਾ, ਸਹਾਰਾ ਕਲੱਬ ਜ਼ੀਰਾ ਤੋਂ ਇਲਾਵਾ ਸਮੂਹ ਸਮਾਜ ਸੇਵੀ ਸੰਸਥਾਵਾਂ ਤੇ ਧਾਰਮਿਕ ਜਥੇਬੰਦੀਆਂ ਵੱਲੋਂ ਐਡਵੋਕੇਟ ਨਵਦੀਪ ਸਿੰਘ ਕਰੀਰ, ਡਾਕਟਰ ਰਣਜੀਤ ਸਿੰਘ, ਡਾਕਟਰ ਜਗਦੀਪ ਸਿੰਘ ਆਦਿ ਤੋਂ ਇਲਾਵਾ ਸਮੂਹ ਕਰੀਰ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਮਾਤਾ ਮਨਜੀਤ ਕੌਰ ਨਮਿੱਤ ਪਾਠ ਦਾ ਭੋਗ 21 ਅਕਤੂਬਰ ਨੂੰ 12.30 ਤੋਂ 1.30 ਵਜੇ ਤੱਕ ਗੁਰਦੁਆਰਾ ਸ੍ਰੀ ਨਾਮਦੇਵ ਭਵਨ ਅਕਾਲਸਰ ਰੋਡ ਮੋਗਾ ਵਿਖੇ ਪਾਇਆ ਜਾਵੇਗਾ।

ਨਜਾਇਜ਼ ਸ਼ਰਾਬ ਸਣੇ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਇਕ ਵਿਅਕਤੀ ਨੂੰ ਸਵਾ 21 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਮੁਖਤਿਆਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਸ਼ਹੀਦ ਊਧਮ ਸਿੰਘ ਚੌਕ ਜਲਾਲਾਬਾਦ ਦੇ ਕੋਲ ਪੁੱਜੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਬਲਵਿੰਦਰ ਸਿੰਘ ਉਰਫ ਬਿੰਦਰ ਪੁੱਤਰ ਜੋਗਿੰਦਰ ਸਿੰਘ ਵਾਸੀ ਚੱਕ ਬਲੋਚਾਂ ਉਰਫ ਮਹਾਲਮ ਹਾਲ ਅਬਾਦ ਘੁਮਿਆਰਾਂ ਵਾਲੀ ਬਸਤੀ ਜਲਾਲਾਬਾਦ ਨਜਾਇਜ਼ ਸ਼ਰਾਬ ਲਿਆ ਕੇ ਵੇਚਣ ਦਾ ਆਦੀ ਹੈ, ਜੋ ਅੱਜ ਵੀ ਦਾਣਾ ਮੰਡੀ ਜਲਾਲਾਬਾਦ ਵਿੱਚ ਵੇਚ ਰਿਹਾ ਹੈ, ਜਿਸ 'ਤੇ ਪੁਲਸ ਨੇ ਕਾਰਵਾਈ ਕਰਦੇ ਹੋਏ ਬਲਵਿੰਦਰ ਸਿੰਘ ਨੂੰ ਸਵਾ 21 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ ਕੀਤਾ। ਪੁਲਸ ਨੇ ਬਲਵਿੰਦਰ ਸਿੰਘ ਉਰਫ ਬਿੰਦਰ ਸਿੰਘ ਖਿਲਾਫ ਮੁਕੱਦਮਾ ਦਰਜ ਕੀਤਾ ਹੈ।

7ਵਾਂ ਸਾਲਾਨਾ ਗੁਰਮਤਿ ਸਮਾਗਮ ਭਲਕੇ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਥ ਖਾਲਸਾ ਨਸ਼ਾ ਮੁਕਤੀ ਕੇਂਦਰ ਪਿੰਡ ਚੰਦੜ ਦੇ 6 ਸਾਲ ਸਫ਼ਲਤਾਪੂਰਵਕ ਪੂਰੇ ਹੋਣ 'ਤੇ 7ਵਾਂ ਸਲਾਨਾ ਗੁਰਮਤਿ ਸਮਾਗਮ 22 ਅਕਤੂਬਰ ਨੂੰ ਸਵੇਰੇ 9 ਤੋਂ ਸਾਢੇ 11 ਵਜੇ ਤੱਕ ਕਰਾਇਆ ਜਾ ਰਿਹਾ ਹੈ। ਭਾਈ ਸਤਨਾਮ ਸਿੰਘ ਚੰਦੜ, ਗੁਰਨਾਮ ਸਿੰਘ ਚੰਦੜ, ਭਾਈ ਪ੍ਰਗਟ ਸਿੰਘ ਮੁੱਦਕੀ ਤੇ ਬਾਪੂ ਜਗਤੇਜ ਸਿੰਘ ਮੁੱਦਕੀ ਨੇ ਦੱਸਿਆ ਕਿ 7ਵਾਂ ਸਲਾਨਾ ਗੁਰਮਤਿ ਸਮਾਗਮ 22 ਅਕਤੂਬਰ ਨੂੰ ਸਵੇਰੇ 9 ਵਜੇ ਤੋਂ ਸਾਢੇ 11 ਵਜੇ ਤੱਕ ਕਰਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਤੌਰ 'ਤੇ ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ ਖਾਲਸਾ (ਭਾਈ ਬਖਤੌਰ ਵਾਲੇ) ਪਹੁੰਚ ਰਹੇ ਹਨ। ਉਨ੍ਹਾਂ ਦੱਸਿਆ ਕਿ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 8 ਵਜੇ, ਗੁਰਮਤਿ ਸਮਾਗਮ 9 ਵਜੇ ਕਰਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਜਾਵੇਗਾ।

ਕੁੱਟਮਾਰ ਦੇ ਦੋਸ਼ 'ਚ 5 ਨਾਮਜ਼ਦ

ਜਲਾਲਾਬਾਦ (ਜੀਤ ਕੁਮਾਰ)-ਪਿੰਡ ਲਮੋਚੜ ਕਲਾਂ ਵਿਖੇ ਇੱਕ ਵਿਅਕਤੀ ਦੀ ਕੁੱਟਮਾਰਨ ਕਰਨ ਵਾਲੇ 5 ਵਿਆਕਤੀਆਂ ਖਿਲਾਫ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਕਰਨੈਲ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਘੁਬਾਇਆ ਨੇ ਪੁਲਸ ਕੋਲ ਦਰਜ ਕਰਵ

21--Otc-PAGE- 8 qxd.qxd 10/20/2023 9:36 PM Page 1

ਪਰਾਲੀ ਸੰਭਾਲ ਲਈ ਕਰਨਾਣਾ 'ਚ ਕਿਸਾਨ ਜਾਗਰੂਕਤਾ ਕੈਂਪ

ਬਹਿਰਾਮ (ਅਵਤਾਰ ਕਲੇਰ) ਪੰਜਾਬ ਸਰਕਾਰ ਵੱਲੋਂ ਝੋਨੇ ਦੀ ਪਰਾਲੀ ਅਤੇ ਹੋਰ ਫਸਲੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧ ਲਈ ਚਲਾਈ ਜਾ ਰਹੀ ਮੁਹਿਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਅਤੇ ਮੁੱਖ ਖੇਤੀਬਾੜੀ ਅਫਸਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਲਾਕ ਬੰਗਾ ਦੇ ਪਿੰਡ ਕਰਨਾਣਾ ਵਿਖੇ ਸੀ.ਆਰ.ਐਮ. ਸਕੀਮ ਤਹਿਤ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ । ਖੇਤੀਬਾੜੀ ਅਫਸਰ ਬੰਗਾ ਡਾ. ਲਛਮਣ ਦਾਸ ਨੇ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਅਪੀਲ ਕੀਤੀ ਕਿ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਇਸ ਨੂੰ ਜ਼ਮੀਨ ਵਿੱਚ ਮਿਕਸ ਕਰਕੇ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ ਅਤੇ ਮਿੱਤਰ ਕੀੜਿਆਂ ਨੂੰ ਵੀ ਬਚਾਇਆ ਜਾ ਸਕਦਾ ਹੈ ।ਪਰਾਲੀ ਨਾ ਸਾੜਣ ਤੇ ਪ੍ਰਤੀ 2500 ਰੁਪਏ ਦੀਆ ਖਾਦਾਂ ਦੀ ਬੱਚਤ ਹੋ ਸਕਦੀ ਹੈ। ਇਸ ਮੌਕੇ ਸੁਰਿੰਦਰਪਾਲ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਵੱਲੋਂ ਕਿਸਾਨਾਂ ਨਾਲ ਤੇਲ ਬੀਜ ਫਸਲਾਂ ਵਾਰੇ ਅਤੇ ਆਰਗੈਨਿਕ ਖੇਤੀ ਸਬੰਧੀ ਜਾਣਕਾਰੀ ਸਾਂਝੀ ਕੀਤੀ । ਕਿਸਾਨਾਂ ਨੂੰ ਘਰੇਲੂ ਬਗੀਚੀ ਜ਼ਹਿਰਾਂ ਮੁਕਤ ਕਰਨ ਅਤੇ ਗੰਡੋਇਆਂ ਤੋਂ ਖਾਦਾਂ ਤਿਆਰ ਕਰਕੇ ਵਰਤਣ ਦੀ ਸਲਾਹ ਦਿੱਤੀ । ਇਸ ਸਮੇਂ ਵਿਕਰਮ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਨੇ ਹਾੜ੍ਹੀ ਸੀਜ਼ਨ ਦੌਰਾਨ ਕਣਕ ਬੀਜ ਸਬਸਿਡੀ 'ਤੇ ਦੇਣ ਲਈ ਅਤੇ ਨਵੇਂ ਬੀਜਾਂ ਦੀ ਜਾਣਕਾਰੀ ਕਿਸਾਨਾਂ ਨਾਲ ਸਾਂਝੀ ਕੀਤੀ। ਇਸ ਮੌਕੇ ਡਾ. ਸੁਖਜਿੰਦਰ ਪਾਲ ਖੇਤੀਬਾੜੀ ਵਿਕਾਸ ਅਫਸਰ ਨੇ ਕਿਸਾਨਾਂ ਨੂੰ ਖੇਤਾਂ ਦੀ ਮਿੱਟੀ ਟੈਸਟ ਕਰਵਾ ਕੇ ਖਾਦਾਂ ਦੀ ਵਰਤੋਂ ਕਰਨ ਲਈ ਦੱਸਿਆ ਅਤੇ ਕਿਸਾਨ ਝੋਨੇ ਦੀ ਪਰਾਲੀ ਸੰਭਾਲਣ ਲਈ ਕਿਰਾਏ 'ਤੇ ਮਸ਼ੀਨਾਂ ਲੈਣ ਲਈ ਦੱਸਿਆ। ਇਸ ਮੌਕੇ ਸੰਦੀਪ ਗੰਗੜ , ਗੁਰਨਾਮ ਸਿੰਘ , ਯੁਧਵੀਰ ਸਿੰਘ ਸਰਪੰਚ, ਜਤਿੰਦਰ ਸਿੰਘ ਭੁੱਖੜੀ, ਮਨਦੀਪ ਸਿੰਘ ਭੁੱਖੜੀ, ਮਨਦੀਪ ਸਿੰਘ ਰਸੂਲਪੁਰ, ਬਲਿਹਾਰ ਸਿੰਘ ਰਸੂਲਪੁਰ, ਜਤਿੰਦਰ ਸਿੰਘ ਪਰਹਾਰ, ਗੁਰਜੀਤ ਸਿੰਘ ਮੂਸਾਪੁਰ , ਅਨੁਕਰ ਕੁਮਾਰ, ਹਰਮੇਸ਼ ਕੁਮਾਰ ਆਦਿ ਹਾਜ਼ਰ ਸਨ ।

ਆਹਲੂਵਾਲੀਆ ਨੇ ਅਮਿਤ ਜੈਨ ਨਾਲ ਐਰੋਸਿਟੀ ਦੇ ਵੱਖ-ਵੱਖ ਬਲਾਕਾਂ ਦੀਆਂ ਸਮੱਸਿਆਵਾਂ ਸੁਣੀਆਂ

ਮੋਹਾਲੀ (ਗੁਰਜੀਤ ਬਿੱਲਾ) ਇੱਥੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਚੰਡੀਗੜ੍ਹ ਦੇ ਸਹਿ ਪ੍ਰਭਾਰੀ ਡਾ. ਐਸ ਐਸ ਆਹਲੂਵਾਲੀਆ ਨੇ ਐਰੋਸਿਟੀ ਦੇ ਵੱਖ ਵੱਖ ਬਲਾਕਾਂ ਦੀਆਂ ਵੈਲਫੇਅਰ ਐਸੋਸੀਏਸ਼ਨਾਂ ਦੇ ਪ੍ਰਧਾਨਾਂ ਦੇ ਨਾਲ ਆਮ ਆਦਮੀ ਪਾਰਟੀ ਮੋਹਾਲੀ ਟ੍ਰੇਡ ਵਿੰਗ ਦੇ ਉਪ ਪ੍ਰਧਾਨ ਅਮਿਤ ਜੈਨ ਦੇ ਨਾਲ ਮਿਲ ਕੇ ਵਿਸ਼ੇਸ਼ ਤੌਰ 'ਤੇ ਮੀਟਿੰਗ ਕੀਤੀ ਅਤੇ ਉਨ੍ਹਾਂ ਕੋਲੋਂ ਐਰੋਸਿਟੀ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਸੁਣਿਆ। ਇਸ ਮੌਕੇ ਉਤੇ ਆਮ ਆਦਮੀ ਪਾਰਟੀ ਦੇ ਬੁਲਾਰੇ ਗੋਵਿੰਦਰ ਮਿੱਤਲ ਵੀ ਮੌਜੂਦ ਰਹੇ। ਇਸ ਮੌਕੇ ਐਰੋਸਿਟੀ ਦੇ ਵੱਖ ਵੱਖ ਬਲਾਕਾਂ ਦੇ ਪ੍ਰਧਾਨਾਂ ਵਲੋਂ ਡਾ. ਐਸ.ਐਸ. ਆਹਲੂਵਾਲੀਆ ਨੂੰ ਐਰੋਸਿਟੀ ਦੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਐਰੋਸਿਟੀ ਦੇ 'ਚ ਗਮਾਡਾ ਵੱਲੋਂ ਅੰਡਰ ਗਰਾਊਂਡ ਬਿਜਲੀ ਦੀਆਂ ਤਾਰਾਂ ਪਾਈਆਂ ਗਈਆਂ ਹਨ, ਉਸਦੇ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਆ ਰਹੀਆਂ ਹਨ। ਜਦੋਂ ਕੋਈ ਫਾਲਟ ਪੈ ਜਾਂਦਾ ਹੈ, ਤਾਂ ਉਸਨੂੰ ਠੀਕ ਕਰਨ ਦੇ ਲਈ ਕਈ ਕਈ ਘੰਟਿਆਂ ਦਾ ਸਮਾਂ ਲਗਦਾ ਹੈ। ਜੇਕਰ ਫਾਲਟ ਠੀਕ ਹੋ ਵੀ ਜਾਂਦਾ ਹੈ, ਤਾਂ ਬਿਜਲੀ ਵਿਭਾਗ ਦੇ ਕਰਮਚਾਰੀਆਂ ਵੱਲੋਂ ਬਿਜਲੀ ਦੀਆਂ ਕੇਬਲਾਂ ਨੂੰ ਸੜਕਾਂ 'ਤੇ ਪਾ ਕੇ ਹੀ ਬਿਜਲੀ ਸਪਲਾਈ ਚਾਲੂ ਕਰ ਦਿੱਤੀ ਜਾਂਦੀ ਹੈ। ਇਨ੍ਹਾਂ ਕੇਬਲਾਂ ਨੂੰ ਜ਼ਮੀਨ ਅੰਦਰ ਨਹੀਂ ਦਬਾਇਆ ਜਾਂਦਾ ਹੈ। ਉਨ੍ਹਾਂ ਨੇ ਐਰੋਸਿਟੀ 'ਚ ਪਾਈਆਂ ਗਈਆਂ ਕਮਜ਼ੋਰ ਕੇਬਲਾਂ ਨੂੰ ਬਦਲਣ ਦੀ ਵੀ ਮੰਗ ਕੀਤੀ। ਉਨ੍ਹਾਂ ਨੇ ਡਾ. ਆਹਲੂਵਾਲੀਆ ਨੂੰ ਅੱਗੇ ਜਾਣੂ ਕਰਵਾਇਆ ਕਿ ਐਰੋਸਿਟੀ ਵਾਸੀਆਂ ਨੂੰ ਨਹਿਰੀ ਪਾਣੀ ਦੀ ਸਪਲਾਈ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਐਰੋਸਿਟੀ ਦੇ ਕੁੱਝ ਬਲਾਕਾਂ ਦੇ ਵਿੱਚ ਪਾਰਕਾਂ ਦੇ ਵਿਕਾਸ ਕਾਰਜ ਹੋਣ ਵਾਲੇ ਹਨ, ਜਿਸ ਕਾਰਨ ਲੋਕਾਂ ਨੂੰ ਸਮੱਸਿਆਵਾਂ ਆ ਰਹੀਆਂ ਹਨ। ਇਸ ਮੌਕੇ ਡਾ. ਐਸ.ਐਸ. ਆਹਲੂਵਾਲੀਆ ਨੇ ਸਾਰੇ ਬਲਾਕਾਂ ਦੇ ਪ੍ਰਧਾਨਾਂ ਨੂੰ ਭਰੋਸਾ ਦਵਾਉਂਦੇ ਹੋਏ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਲੋਕਾਂ ਦੀ ਭਲਾਈ ਦੇ ਲਈ ਦਿਨ ਰਾਤ ਕੰਮ ਕਰ ਰਹੀ ਹੈ। ਐਰੋਸਿਟੀ ਵਾਸੀਆਂ ਦੀ ਜੋ ਬਿਜਲੀ ਸੰਬੰਧੀ ਸਮੱਸਿਆ ਹੈ, ਉਸਦੇ ਲਈ ਉਹ ਐਮ ਐਲ ਏ ਕੁਲਵੰਤ ਸਿੰਘ ਨਾਲ ਮਿਲ ਕੇ ਛੇਤੀ ਹੀ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਅਤੇ ਗਮਾਡਾ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨਗੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣਗੇ। ਉਨ੍ਹਾਂ ਅੱਗੇ ਕਿਹਾ ਕਿ ਐਰੋਸਿਟੀ ਵਾਸੀਆਂ ਦੇ ਵਲੋਂ ਜਿਹੜੀਆਂ ਵੀ ਸਮੱਸਿਆਵਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀਆਂ ਗਈਆਂ ਹਨ, ਉਨ੍ਹਾਂ ਨੂੰ ਉਹ ਛੇਤੀ ਗਮਾਡਾ ਦੇ ਅਫਸਰਾਂ ਨਾਲ ਮਿਲ ਹੱਲ ਕਰਵਾਉਣਗੇ ਅਤੇ ਲੋਕਾਂ ਨੂੰ ਵਧੀਆ ਸਹੂਲਤਾਂ ਮੁਹੱਈਆ ਕਰਵਾਉਣਗੇ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਹਰ ਪੰਜਾਬ ਵਾਸੀ ਨੂੰ ਵਧੀਆ ਸਹੂਲਤਾਂ ਮੁਹੱਈਆ ਕਰਵਾਉਣ ਦੇ ਲਈ ਵਚਨਬੱਧ ਹੈ।

ਚਾਰ ਟਰੈਵਲ ਏਜੰਟਾਂ ਦੇ ਲਾਇਸੈਂਸ ਮੁਅੱਤਲ

ਜਲੰਧਰ (ਸੁਰਿੰਦਰ ਕੁਮਾਰ) ਡਿਪਟੀ ਕਮਿਸ਼ਨਰ ਵਿਸੇਸ ਸਾਰੰਗਲ ਨੇ ਵੀਰਵਾਰ ਨੂੰ ਜ਼ਿਲ੍ਹੇ ਦੇ ਚਾਰ ਟਰੈਵਲ ਏਜੰਟਾਂ ਦੇ ਲਾਇਸੈਂਸ ਮੁਅੱਤਲ ਕਰ ਦਿੱਤੇ ਹਨ। ਇਹ ਕਾਰਵਾਈ ਇਨ੍ਹਾਂ ਖਿਲਾਫ ਐਫ.ਆਈ.ਆਰਜ਼ ਅਤੇ ਸ਼ਿਕਾਇਤਾਂ ਦਰਜ ਹੋਣ ਤੋਂ ਬਾਅਦ ਕੀਤੀ ਗਈ ਹੈ। ਇਨ੍ਹਾਂ ਫਰਮਾਂ ਵਿੱਚ ਸਥਾਨਕ ਲਾਜਪਤ ਨਗਰ ਵਿੱਚ ਮੈਸਰਜ ਮਿਡਵੈਸਟ ਇਮੀਗ੍ਰੇਸ਼ਨ ਕੰਸਲਟੈਂਟ, ਛੋਟੀ ਬਾਰਾਦਰੀ-2 ਵਿੱਚ ਮੈਸਰਜ ਆਈ.ਕਿਊ. ਐਜੂਕੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸਿਜ਼, ਅਰਬਨ ਅਸਟੇਟ ਫੇਜ-1 ਵਿੱਚ ਮੈਸਰਜ ਆਰ.ਡੀ.ਐਸ.ਆਈ. ਇੰਸਟੀਚਿਊਟ ਐਲ.ਐਲ.ਪੀ. ਅਤੇ ਮੁਹੱਲਾ ਕਾਜ਼ੀਆਂ, ਫਿਲੌਰ ਵਿੱਚ ਮੈਸਰਜ ਹਾਈ ਸਪਿਰਿਟਸ ਸ਼ਾਮਲ ਹਨ। ਸਾਰੰਗਲ ਨੇ ਕਿਹਾ ਕਿ ਇਮੀਗ੍ਰੇਸ਼ਨ ਕੰਸਲਟੈਂਟਾਂ/ਫਰਮਾਂ ਵੱਲੋਂ ਕਿਸੇ ਵੀ ਕਿਸਮ ਦੀ ਧੋਖਾਧੜੀ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤੁਰੰਤ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸਾਸਨ ਵੱਲੋਂ ਇਮੀਗ੍ਰੇਸਨ ਫਰਮਾਂ ਦੀਆਂ ਗਤੀਵਿਧੀਆਂ 'ਤੇ ਨੇੜਿਓਂ ਨਜਰ ਰੱਖੀ ਜਾ ਰਹੀ ਹੈ ਅਤੇ ਕਿਸੇ ਨੂੰ ਵੀ ਲੋਕਾਂ ਨਾਲ ਧੋਖਾਧੜੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਸਾਰੀਆਂ ਲਾਇਸੰਸਸ਼ੁਦਾ ਫਰਮਾਂ ਨੂੰ ਕਾਨੂੰਨ ਅਨੁਸਾਰ ਆਪਣਾ ਕਾਰੋਬਾਰ ਕਰਨ ਅਤੇ ਕਿਸੇ ਵੀ ਅਜਿਹੀ ਗਤੀਵਿਧੀ ਵਿੱਚ ਸਾਮਲ ਨਾ ਹੋਣ ਦੀ ਅਪੀਲ ਕੀਤੀ, ਜਿਸ ਨਾਲ ਦੂਜਿਆਂ ਨੂੰ ਨੁਕਸਾਨ ਪਹੁੰਚਦਾ ਹੋਵੇ। ਡਿਪਟੀ ਕਮਿਸਨਰ ਨੇ ਜ਼ਿਲ੍ਹੇ ਵਿੱਚ ਇਮੀਗ੍ਰੇਸ਼ਨ ਫਰਮਾਂ ਦੀ ਚੈਕਿੰਗ ਕਰਨ ਦੇ ਵੀ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਐਸ.ਡੀ.ਐਮਜ ਦੀ ਅਗਵਾਈ ਵਿੱਚ ਵਿਸ਼ੇਸ਼ ਟੀਮਾਂ ਲਗਾਤਾਰ ਇਮੀਗ੍ਰੇਸ਼ਨ ਕੰਸਲਟੈਂਟਾਂ ਦੀਆਂ ਗਤੀਵਿਧੀਆਂ ਦੀ ਜਾਂਚ ਕਰਨਗੀਆਂ। ਡਿਪਟੀ ਕਮਿਸ਼ਨਰ ਨੇ ਲੋਕਾਂ ਖਾਸਕਰ ਮਾਪਿਆਂ, ਜੋ ਆਪਣੇ ਬੱਚਿਆਂ ਨੂੰ ਅਗਲੇਰੀ ਪੜ੍ਹਾਈ ਲਈ ਵਿਦੇਸਾਂ ਵਿੱਚ ਭੇਜਣਾ ਚਾਹੁੰਦੇ ਹਨ, ਨੂੰ ਸੇਵਾਵਾਂ ਲੈਣ ਤੋਂ ਪਹਿਲਾਂ ਫਰਮਾਂ ਦੀ ਪ੍ਰਮਾਣਿਤਾ ਦੀ ਜਾਂਚ ਕਰਨ ਦੀ ਅਪੀਲ ਵੀ ਕੀਤੀ।

ਸੀ ਐੱਚ ਸੀ ਵਿਖੇ ਦੰਦਾਂ ਦਾ ਪੰਦਰਵਾੜਾ ਲਗਾਇਆ

ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)-ਐਸ.ਐਮ.ਓ. ਇੰਚਾਰਜ ਡਾਕਟਰ ਜਸਵੰਤ ਸਿੰਘ ਥਿੰਦ ਦੀਅਗਵਾਈ ਹੇਠ ਡਾਕਟਰ ਜਸਵੀਰ ਕੌਰ ਡੈਂਟਲ ਸਰਜਨ ਵੱਲੋ ਸੀਐਚਸੀ ਮਾਹਿਲਪੁਰ ਵਿਖੇ ਦੰਦਾਂ ਦਾ ਪੰਦਰਵਾੜਾ ਲਗਾਇਆ ਗਿਆ। ਇਸ ਵਿੱਚ 300 ਤੋਂ ਜ਼ਿਆਦਾ ਮਰੀਜਾਂ ਦਾ ਮੁਕਤ ਚੈੱਕਅਪ ਅਤੇ ਇਲਾਜ ਕੀਤਾ ਗਿਆ, ਜਿਸ ਵਿੱਚ ਖਰਾਬ ਦੰਦ ਕੱਢੇ ਗਏ ਅਤੇ ਦੰਦਾਂ ਦੀ ਸਫਾਈ ਅਤੇ ਭਰਾਈ ਕੀਤੀ ਗਈ। ਡਾਕਟਰ ਜਸਬੀਰ ਕੌਰ ਨੇ ਦੱਸਿਆ ਕਿ ਗਰੀਬ ਤੇ ਲੋੜਵੰਦ 5 ਲੋਕਾਂ ਨੂੰ ਦੰਦਾਂ ਦੇ ਕੰਪਲੀਟ ਡੈਂਚਰ ਮੁਫ਼ਤ ਦਿੱਤੇ ਗਏ ਅਤੇ ਲੋਕਾਂ ਨੂੰ ਦੰਦਾਂ ਦੀਆਂ ਬਿਮਾਰੀਆਂ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਡਾਕਟਰ ਮਨਜੀਤ ਕੌਰ, ਡਾਕਟਰ ਹਿਮਕਾ, ਪਰਮਿੰਦਰ ਸਿੰਘ ਅਪਥਲਮਿਕ ਅਫਸਰ, ਸਰਵਣ ਸਿੰਘ, ਸੁਖਜਿੰਦਰ ਕੌਰ ਸਟਾਫ ਨਰਸ, ਰਵਨੀਤ ਕੌਰ ਸਟਾਫ ਨਰਸ, ਕਮਲਜੀਤ ਕੌਰ, ਨੀਲਮ, ਗੁਰਮੀਤ ਸਿੰਘ ਮਿੰਟੂ ਸਮੇਤ ਹਸਪਤਾਲ ਦਾ ਸਟਾਫ ਹਾਜਰ ਸੀ।

ਆਸ਼ਾ ਵਰਕਰ ਦੀ ਸੇਵਾ ਮੁਕਤੀ 'ਤੇ ਮਿਲਣਗੇ 2 ਲੱਖ ਰੁਪਏ - ਮੁੱਖ ਮੰਤਰੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)- - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਆਸ਼ਾ ਵਰਕਰਾਂ ਦੇ ਮਾਨਭੱਤੇ ਵਿਚ 2100 ਰੁਪਏ ਦਾ ਵਾਧਾ ਕਰ 6100 ਰੁਪਏ ਮਹੀਨਾ ਅਤੇ ਸੇਵਾ ਮੁਕਤੀ 'ਤੇ 2 ਲੱਖ ਰੁਪਏ ਦੀ ਰਕਮ ਦਿੱਤੀ ਜਾਵੇਗੀ। ਮਨੋਹਰ ਲਾਲ ਨੇ ਇੱਥੇ ਹਰਿਆਣਾ ਆਸ਼ਾ ਵਰਕਰਸ ਅਧਿਕਾਰੀਆਂ ਦੇ ਨਾਲ ਹੋਈ ਗੱਲਬਾਤ ਦੌਰਾਨ ਕਹੀ। ਉਨ੍ਹਾਂ ਨੇ ਕਿਹਾ ਕਿ ਆਸ਼ਾ ਵਰਕਰਸ ਦੀ ਪ੍ਰੋਤਸਾਹਨ ਰਕਮ ਵਿਚ ਵਾਧਾ ਕਰਨ ਲਈ ਭਾਰਤ ਸਰਕਾਰ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰਾਲ ਨੂੰ ਪੱਤਰ ਲਿਖਿਆ ਜਾਵੇਗਾ।

ਗੌਰਤਲਬ ਹੈ ਕਿ ਆਸ਼ਾ ਵਰਕਰ ਨੂੰ ਪਹਿਲਾਂ ਹੀ, ਕਾਰਜ ਦੌਰਾਨ ਮੌਤ ਹੋਣ 'ਤੇ 3 ਲੱਖ ਰੁਪਏ ਦੀ ਰਕਮ ਪ੍ਰਦਾਨ ਕੀਤੀ ਜਾਂਦੀ ਹੈ। ਇਸ ਦੌਰਾਨ ਮੀਟਿੰਗ ਵਿਚ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਸਿਹਤ ਅਤੇ ਪਰਵਾਰ ਭਲਾਈ ਵਿਭਾਗ ਦੀ ਵਧੀਕ ਮੁੱਖ ਸਕੱਤਰ ਅਨੁਪਮਾ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਅਮਿਤ ਅਗਰਵਾਲ, ਕੌਮੀ ਸਿਹਤ ਮਿਸ਼ਨ ਹਰਿਆਣਾ ਦੇ ਮਿਸ਼ਨ ਨਿਦੇਸ਼ਕ ਰਾਜ ਨਰਾਇਣ ਕੌਸ਼ਿਕ ਅਤੇ ਆਸ਼ਾ ਵਰਕਰ ਨੁਮਾਇੰਦੇ ਡਿਵੀਜਨ ਦੇ ਅਧਿਕਾਰੀ ਵੀ ਮੌਜੂਦ ਰਹੇ।

ਸਿੱਧੂ ਦੀ ਕਾਂਗਰਸ ਪਾਰਟੀ 'ਚ ਮੁੜ ਸ਼ਮੂਲੀਅਤ ਦਾ ਭਰਵਾਂ ਸਵਾਗਤ

ਐਸ.ਏ. ਐਸ. ਨਗਰ, (ਗੁਰਜੀਤ ਬਿੱਲਾ)– ਸੀਨੀਅਰ ਡਿਪਟੀ ਮੇਅਰ ਅਮਰੀਕ ਸਿੰਘ ਸੋਮਲ ਅਤੇ ਸਮੇਤ ਮੋਹਾਲੀ ਨਗਰ ਨਿਗਮ ਦੇ ਦੋ ਦਰਜਨ ਤੋਂ ਵੱਧ ਕੌਂਸਲਰਾਂ ਨੇ ਸੂਬੇ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਕਾਂਗਰਸ ਪਾਰਟੀ ਵਿਚ ਮੁੜ ਸ਼ਮੂਲੀਅਤ ਦਾ ਭਰਵਾਂ ਸਵਾਗਤ ਕਰਦਿਆਂ ਕਿਹਾ ਹੈ ਕਿ ਉਹਨਾਂ ਦੇ ਇਸ ਅਹਿਮ ਸਿਆਸੀ ਫੈਸਲੇ ਨਾਲ ਪੂਰੇ ਮੋਹਾਲੀ ਜ਼ਿਲ੍ਹੇ ਵਿਚ ਕਾਂਗਰਸੀ ਵਰਕਰਾਂ ਦੇ ਹੌਸਲੇ ਬੁਲੰਦ ਹੋਏ ਹਨ। ਨਗਰ ਨਿਗਮ ਦੇ ਇਹਨਾਂ ਅਹੁਦੇਦਾਰਾਂ ਅਤੇ ਕੌਂਸਲਰਾਂ ਨੇ ਇਥੇ ਜਾਰੀ ਕੀਤੇ ਗਏ ਇਕ ਸਾਂਝੇ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਸਿੱਧੂ ਦੇ ਪਾਰਟੀ ਛੱਡ ਜਾਣ ਤੋਂ ਬਾਅਦ ਮੋਹਾਲੀ ਜ਼ਿਲ੍ਹੇ ਖਾਸ ਕਰ ਕੇ ਮੋਹਾਲੀ ਵਿਧਾਨ ਸਭਾ ਹਲਕੇ ਦੇ ਕਾਂਗਰਸੀ ਵਰਕਰ ਆਪਣੇ ਆਪ ਨੂੰ ਲਾਵਾਰਿਸ ਅਤੇ ਨਿਤਾਣੇ ਮਹਿਸੂਸ ਕਰਨ ਲੱਗ ਪਏ ਸਨ। ਉਹਨਾਂ ਕਿਹਾ ਕਿ ਬਹੁਤ ਸਾਰੇ ਵਰਕਰ ਤਾਂ ਨਿਰਾਸਤਾ ਕਾਰਨ ਪਾਰਟੀ ਸਰਗਰਮੀਆਂ ਤੋਂ ਦੂਰ ਹੋ ਕੇ ਘਰਾਂ ਵਿਚ ਹੀ ਬੈਠ ਗਏ ਸਨ। ਉਹਨਾਂ ਅੱਗੇ ਕਿਹਾ ਕਿ ਸਿੱਧੂ ਦੇ ਕਾਂਗਰਸ ਪਾਰਟੀ ਵਿਚ ਮੁੜ ਸ਼ਾਮਲ ਹੋਣ ਦੀਆਂ ਖਬਰਾਂ ਸੁਣ ਕੇ ਇਹ ਵਰਕਰ ਹੁਣ ਪੂਰੇ ਉਤਸ਼ਾਹ ਵਿਚ ਹੋ ਗਏ ਹਨ। ਇਹਨਾਂ ਆਗੂਆਂ ਦਾ ਕਹਿਣਾ ਹੈ ਕਿ ਬਲਬੀਰ ਸਿੰਘ ਸਿੱਧੂ ਪਿਛਲੇ 40 ਸਾਲਾਂ ਤੋਂ ਕਾਂਗਰਸ ਪਾਰਟੀ ਵਿਚ ਸਰਗਰਮ ਹਨ ਅਤੇ ਉਹਨਾਂ ਨੇ ਵੱਖ ਵੱਖ ਅਹੁਦਿਆਂ ਦੀ ਜਿੰਮੇਵਾਰੀ ਨਿਭਾਉਂਦਿਆਂ ਪਾਰਟੀ ਦੀ ਮਜਬੂਤੀ ਲਈ ਲਾਮਿਸਾਲ ਮਿਹਨਤ ਕੀਤੀ ਹੈ। ਉਹਨਾਂ ਕਿਹਾ ਕਿ ਸਿੱਧੂ ਹਰ ਛੋਟੇ ਤੋਂ ਛੋਟੇ ਪਾਰਟੀ ਵਰਕਰ ਨਾਲ ਨਿੱਜੀ ਤੌਰ ਉਤੇ ਜੁੜੇ ਹੋਏ ਹਨ ਅਤੇ ਹਰ ਦੁੱਖ-ਸੁੱਖ ਵਿਚ ਉਹਨਾਂ ਦੇ ਨਾਲ ਖੜ੍ਹਦੇ ਹਨ, ਇਸ ਲਈ ਹੀ ਉਹਨਾਂ ਦੇ ਮੁੜ ਪਾਰਟੀ ਵਿਚ ਪਰਤਣ ਨਾਲ ਪਾਰਟੀ ਵਰਕਰਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਕੌਂਸਲਰਾਂ ਦਾ ਕਹਿਣਾ ਹੈ ਕਿ 20 ਅਕਤੂਬਰ ਨੂੰ ਸਿੱਧੂ ਦੇ ਕਾਂਗਰਸ ਪਾਰਟੀ ਵਿਚ ਰਸਮੀ ਤੌਰ ਉਤੇ ਸ਼ਾਮਲ ਹੋਣ ਮੌਕੇ ਪੰਜਾਬ ਕਾਂਗਰਸ ਦੇ ਦਫਤਰ ਵਿਚ ਹੋਣ ਵਾਲੇ ਸਮਾਗਮ ਵਿਚ ਸ਼ਹਿਰ ਦੇ ਕਾਂਗਰਸੀ ਵਰਕਰ ਵੱਡੀ ਗਿਣਤੀ ਵਿਚ ਸ਼ਾਮਲ ਹੋਣਗੇ।

'ਪ੍ਰਧਾਨ ਮੰਤਰੀ ਉੱਜਵਲਾ ਯੋਜਨਾ' ਤਹਿਤ ਖੇੜਾ ਰੋਡ 'ਤੇ ਲਗਾਇਆ ਕੈਂਪ

ਫਗਵਾੜਾ (ਜਸਵਿੰਦਰ ਢੱਡਾ)-

ਨਗਰ ਕੌਂਸਲ ਫਗਵਾੜ

21--Otc-PAGE- 9 qxd.qxd 10/20/2023 9:36 PM Page 1

ਸੂਰੇਵਾਲ ਅਨਾਜ ਮੰਡੀ 'ਚ ਝੋਨੇ ਦੀ ਲਿਫਟਿੰਗ ਨਾ ਹੋਣ ਕਾਰਨ ਆੜ੍ਹਤੀ, ਕਿਸਾਨ ਪ੍ਰੇਸ਼ਾਨ

ਭਲਾਣ (ਹਰਭਜਨ ਢਿੱਲੋਂ)

ਪੰਜਾਬ ਵਿੱਚ ਝੋਨੇ ਦੀ ਕਟਾਈ ਜੋਰਾਂ 'ਤੇ ਹੈ। ਇਸ ਮੌਕੇ ਮੰਡੀਆਂ ਵਿੱਚ ਝੋਨੇ ਦੀਆਂ ਬੋਰੀਆਂ ਦੇ ਅੰਬਾਰ ਲੱਗੇ ਹੋਏ ਹਨ। ਝੋਨੇ ਦੀ ਲਿਫਟਿੰਗ ਰੁਕੀ ਹੋਣ ਕਰਕੇ ਕਿਸਾਨ, ਆੜ੍ਹਤੀ ਤੇ ਮਜਦੂਰ ਵਿੱਚ ਮਾਜੂਸੀ ਦਾ ਮਾਹੌਲ ਹੈ। ਮੰਡੀਆਂ ਵਿੱਚ ਕਿਸਾਨਾਂ ਅਤੇ ਮਜਦੂਰਾਂ ਨੂੰ ਭਾਰੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨ ਮੰਡੀਆਂ ਵਿੱਚ ਰੁਲ ਰਹੇ ਹਨ। ਸੂਰੇਵਾਲ (ਸੈਹਜੋਵਾਲ) ਅਨਾਜ ਮੰਡੀ ਵਿੱਚ ਇਸ ਮੌਕੇ ਆੜ੍ਹਤੀ, ਕਿਸਾਨ ਅਤੇ ਮਜਦੂਰਾਂ ਨੇ ਇਕੱਠ ਕਰਕੇ ਪੱਤਰਕਾਰਾਂ ਨੂੰ ਦੱਸਿਆ ਕਿ ਸਾਡੇ ਹੱਥ ਖੜੇ ਹਨ। ਇੱਥੇ ਨਾ ਤਾਂ ਝੋਨਾ ਰੱਖਣ ਲਈ ਜਗ੍ਹਾ ਹੈ ਤੇ ਮਜਦੂਰਾਂ ਦੀ ਮੁਸ਼ਕਿਲ ਇਹ ਵੀ ਹੈ ਕਿ ਉਹਨਾਂ ਨੂੰ ਬਹੁਤ ਉੱਚੀਆਂ ਧਾਂਕਾ ਲਾਉਣੀਆਂ ਪੈ ਰਹੀਆਂ ਹਨ ਅਤੇ ਕਿਸਾਨ ਵੀ ਖੱਜਲ ਹੋ ਰਹੇ ਹਨ। ਮੰਡੀ ਵਿੱਚ ਇਸ ਵੇਲੇ ਕੁੱਲ 39 ਹਜਾਰ ਦੇ ਕਰੀਬ ਬੋਰੀਆਂ ਭਰੀਆਂ ਹੋਈਆਂ ਹਨ, ਜਿਹੜੀਆਂ ਕਿ ਅਜੇ ਤੱਕ ਲਿਫਟਿੰਗ ਨਹੀਂ ਹੋਈਆਂ। ਇਸ ਮੌਕੇ ਮਾਰਕੀਟ ਕਮੇਟੀ ਅਨੰਦਪੁਰ ਸਾਹਿਬ ਤੋਂ ਸੁਮੀਤ ਕੁਮਾਰ ਜੋ ਸੂਰੇਵਾਲ ਮੰਡੀ ਵਿੱਚ ਪਹੁੰਚੇ ਹੋਏ ਹਨ, ਗੱਲਬਾਤ ਕਰਨ ਤੇ ਉਹਨਾਂ ਦੱਸਿਆ ਕਿ ਸ਼ੈਲਰਾਂ ਦੀ ਹੜਤਾਲ ਚੱਲਣ ਕਰਕੇ ਲਿਫਟਿੰਗ ਨਹੀਂ ਹੋ ਰਹੀ ਹੈ। ਜਦੋਂ ਵੀ ਉਹਨਾਂ ਦੀ ਹੜਤਾਲ ਮੁੱਕ ਜਾਂਦੀ ਹੈ ਤੁਰੰਤ ਝੋਨੇ ਦੀਆਂ ਬੋਰੀਆਂ ਚੁੱਕੀਆਂ ਜਾਣਗੀਆਂ। ਇਸ ਮੌਕੇ ਆੜ੍ਹਤੀ ਸੋਹਣ ਸਿੰਘ ਗਰੇਵਾਲ, ਜਸਵਿੰਦਰ ਸਿੰਘ ਛਿੰਦਾ ਹਾਜੀਪੁਰ, ਹਰਜਾਪ ਸਿੰਘ ਹਾਜੀਪੁਰ, ਹਰਪਾਲ ਸਿੰਘ ਭੱਲੜੀ, ਜਗਬੀਰ ਸਿੰਘ ਜੱਗੀ, ਰਵਿੰਦਰ ਕੁਮਾਰ, ਗਰੋਵਰ ਕਪਲਾ, ਜਿੰਦਾ ਭੱਲੜੀ, ਆੜ੍ਹਤੀ ਰਜਿੰਦਰ ਕੁਮਾਰ, ਕਿਸਾਨ ਅਤੇ ਮਜਦੂਰ ਵੱਡੀ ਗਿਣਤੀ ਵਿੱਚ ਹਾਜਰ ਸਨ।

ਸਾਂਝੀ ਟਰੇਡ ਯੂਨੀਅਨ ਐਕਸ਼ਨ ਕਮੇਟੀ ਵੱਲੋਂ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ

ਜਲੰਧਰ (ਰਾਜੇਸ਼ ਥਾਪਾ)- ਸਹਾਇਕ ਕਿਰਤ ਕਮਿਸ਼ਨਰ ਪ੍ਰਦੀਪ ਕੁਮਾਰ ਦੀ ਇਲੈਕਸ਼ਨ ਡਿਊਟੀ ਹਟਾਉਣ ਲਈ ਅੱਜ ਸਾਂਝੀ ਟਰੇਡ ਯੂਨੀਅਨ ਐਕਸ਼ਨ ਕਮੇਟੀ ਦੇ ਅਹੁਦੇਦਾਰ ਡੀ ਸੀ ਜਲੰਧਰ ਨੂੰ ਮਿਲੇ ਅਤੇ ਇੱਕ ਮੰਗ ਪੱਤਰ ਦਿੱਤਾ। ਇਸ ਮੌਕੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਉਪਰੋਕਤ ਅਧਿਕਾਰੀ ਦੀ ਇਲੈਕਸ਼ਨ ਡਿਊਟੀ ਲੱਗਣ ਕਾਰਨ ਮਜ਼ਦੂਰਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਕਿਉਂਕਿ ਗਰੀਬ ਮਜ਼ਦੂਰ ਅਲੱਗ ਅਲੱਗ ਕੇਸਾਂ ਵਿੱਚ ਇਸ ਅਧਿਕਾਰੀ ਕੋਲ ਪੇਸ਼ ਹੁੰਦੇ ਹਨ ਜਿਨਾਂ ਵਿੱਚ ਕੰਪਨਸੇਸ਼ਨ ਐਕਟ, ਮਿਨੀਮਮ ਵੇਜ ਐਕਟ, ਪੇਮੈਂਟ ਆਫ ਗੈਰਜੂਟੀ ਐਕਟ, ਇੰਡਸਟਰੀਅਲ ਡਿਸਪਿਊਟ ਐਕਟ ਆਦਿ ਦੀਆਂ ਸ਼ਕਤੀਆਂ ਇਸ ਅਧਿਕਾਰੀ ਪਾਸ ਹਨ। ਬਹੁਤ ਸਾਰੇ ਕੇਸ ਤੇ ਲੰਮੇ ਸਮੇਂ ਤੋਂ ਪੇਂਡਿੰਗ ਹਨ। ਟਰੇਡ ਯੂਨੀਅਨਾਂ ਦੇ ਅਹੁਦੇਦਾਰਾਂ ਨੇ ਡੀ ਸੀ ਨੂੰ ਅਪੀਲ ਕੀਤੀ ਕਿ ਜਿੰਨੀ ਜਲਦੀ ਹੋ ਸਕੇ ਸਹਾਇਕ ਕਿਰਤ ਕਮਿਸ਼ਨਰ ਜਲੰਧਰ ਨੂੰ ਇਸ ਡਿਊਟੀ ਤੋਂ ਫਾਰਗ ਕੀਤਾ ਜਾਵੇ ਤਾਂ ਜੋ ਗਰੀਬ ਮਜ਼ਦੂਰਾਂ ਦੇ ਕੇਸਾਂ ਦੀ ਸੁਣਵਾਈ ਸਮੇਂ ਸਿਰ ਹੋ ਸਕੇ। ਇਸ ਮੌਕੇ ਕਾਮਰੇਡ ਰਾਮ ਸਿੰਘ, ਜਨਰਲ ਸਕੱਤਰ,

ਡੈਮੋਕਰੇਟਿਕ ਟ੍ਰੇਡ ਯੂਨੀਅਨ ਸੈਂਟਰ, ਕਾਮਰੇਡ ਹਰੀ ਮੁਨੀ ਸਿੰਘ, ਸਕੱਤਰ ਸੀਟੀਯੂ ਜਲੰਧਰ, ਕਾਮਰੇਡ ਰਾਮਦਾਸ, ਪ੍ਰਧਾਨ ਹਿੰਦ ਮਜ਼ਦੂਰ ਸਭਾ, ਕਾਮਰੇਡ ਵੀ ਵੀ ਔਖਨੀ, ਸਕੱਤਰ,ਸੀ ਆਈ ਟੀ ਯੂ, ਸੁਰਿੰਦਰ ਕੁਮਾਰ ਏਟਕ, ਰਾਜੇਸ਼ ਥਾਪਾ ਜਨਰਲ ਸਕੱਤਰ,ਪੰਜਾਬ ਸਪੋਰਟਸ ਵਰਕਰ ਯੂਨੀਅਨ ਜਲੰਧਰ ਹਾਜ਼ਰ ਸਨ।

ਨੌਜਵਾਨਾਂ 'ਚ ਖੇਡਾਂ, ਸੱਭਿਆਚਾਰਕ ਤੇ ਅਮੀਰ ਵਿਰਸੇ ਨਾਲ ਜੁੜਨ ਦੀ ਭਾਵਨਾ ਮਜਬੂਤ ਹੋਈ : ਹਰਜੋਤ ਬੈਂਸ

ਨੰਗਲ, ਅਨੰਦਪੁਰ (ਸੁਰਜੀਤ ਸਿੰਘ)— ਪੰਜਾਬ ਸਰਕਾਰ ਵਲੋਂ ਨੌਜਵਾਨਾਂ ਨੂੰ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਪੰਜਾਬ ਦੇ ਖੇਡ ਮੈਦਾਨਾਂ ਵਿਚ ਨੌਜਵਾਨ ਮੁੜ ਪੂਰੇ ਉਤਸ਼ਾਹ ਨਾਲ ਨਿਤਰ ਗਏ ਹਨ। ਪੰਜਾਬ ਵਿਚੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਸ਼ਿਆ ਦਾ ਖਾਤਮਾ ਕਰਨ ਦਾ ਜੋ ਉਪਰਾਲਾ ਸੁਰੂ ਕੀਤਾ ਹੈ, ਉਸਨੂੰ ਵੱਡੀ ਸਫਲਤਾ ਮਿਲ ਰਹੀ ਹੈ। ਪੰਜਾਬ ਦੇ ਨੌਜਵਾਨਾਂ ਨੂੰ ਸਰਕਾਰ ਵਲੋਂ ਪ੍ਰੇਰਿਤ ਕਰਨ ਲਈ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਹਨਾਂ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਪਿੰਡ ਗੋਹਲਣੀ ਵਿਖੇ ਸ਼ਹੀਦ ਭਗਤ ਸਿੰਘ ਯੂਥ ਕਲੱਬ ਛਿੰਝ ਕਮੇਟੀ ਵੱਲੋਂ ਕਰਵਾਏ ਛਿੰਝ ਮੇਲੇ ਦੌਰਾਨ ਜੁੜੇ ਲੋਕਾਂ ਦੇ ਭਰਵੇਂ ਤੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦੇ ਵਿਚ ਖੇਡ ਮੈਦਾਨਾਂ ਵਿਚ ਮੁੜ ਰੌਣਕਾਂ ਪਰਤ ਆਈਆਂ ਹਨ, ਸਾਡੇ ਗੁਰੂਆਂ ਨੇ ਵੀ ਸਰੀਰਕ ਤੰਦਰੁਸਤੀ ਅਤੇ ਮਾਨਸਿਕ ਵਿਕਾਸ

ਲਈ ਪਿੰਡਾ ਵਿਚ ਅਖਾੜੇ ਬਣਾਏ, ਜਿਥੇ ਪਹਿਲਵਾਨਾਂ ਨੇ ਕਈ ਤਰਾਂ ਦੇ ਕੁਸ਼ਤੀਆਂ ਆਦਿ ਦੇ ਮੁਕਾਬਲੇ ਕੀਤੇ, ਜਿਸ ਨਾਲ ਨਰੋਏ ਸਮਾਜ ਦੀ ਸਿਰਜਣਾ ਹੋਈ ਹੈ। ਹਰਜੋਤ ਬੈਂਸ ਨੇ ਪਿੰਡ ਦੇ ਵਿਕਾਸ ਲਈ 20 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਨੇ ਛਿੰਝ ਕਮੇਟੀ ਨੂੰ 1 ਲੱਖ ਰੁਪਏ ਅਤੇ ਇਲਾਕੇ ਦੇ ਤੈਰਾਕ ਕਮਲਪ੍ਰੀਤ ਸਿੰਘ ਨੂੰ ਵੇਟ ਖਰੀਦਣ ਲਈ 3 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਕਮਲਪ੍ਰੀਤ ਸਿੰਘ ਜਿਸ ਨੂੰ ਨਹਿਰ, ਦਰਿਆਵਾ ਵਿੱਚ ਤੈਰਾਕੀ ਦੀ ਮਹਾਰਤ ਹਾਸਲ ਹੈ ਅਤੇ ਉਹ ਬਹੁਤ ਸਾਰੀਆ ਕੀਮਤੀ ਜਾਨਾ ਬਚਾ ਚੁੱਕਾ ਹੈ। ਉਨ੍ਹਾਂ ਨੇ ਪਿੰਡ ਦੇ ਸਰਕਾਰੀ ਸਕੂਲ ਨੂੰ ਇਲਾਕੇ ਦਾ ਸਭ ਤੋਂ ਵਧੀਆ ਸਰਕਾਰੀ ਸਕੂਲ ਬਣਾਉਣ ਦਾ ਐਲਾਨ ਕੀਤਾ, ਜਿੱਥੇ ਵਿਦਿਆਰਥੀਆਂ ਨੂੰ ਮਾਡਲ ਤੇ ਕਾਨਵੈਂਟ ਸਕੂਲਾ ਦੇ ਮੁਕਾਬਲੇ ਦੀ ਸਿੱਖਿਆ ਹਾਸਲ ਹੋਵੇਗੀ। ਕਲੱਬ ਪ੍ਰਧਾਨ ਸ਼ਾਮ ਲਾਲ, ਧਰਮ ਚੰਦ, ਰਾਜ ਕੁਮਾਰ ਸੈਣੀ, ਸੁਜਾਨ ਸਿੰਘ, ਬਚਿੱਤਰ ਸਿੰਘ ਸ਼ਾਹ, ਹਰਦਿਆਲ ਸਿੰਘ, ਅਕਸ਼ਿਤ ਬਾਲੀ, ਮਲਕੀਤ ਸਿੰਘ, ਗੁਰਦਿਆਲ ਸਿੰਘ ਵੱਲੋਂ ਕੈਬਨਿਟ ਮੰਤਰੀ ਹਰਜੋਤ ਬੈਂਸ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਡਾ.ਸੰਜੀਵ ਗੌਤਮ, ਰਾਕੇਸ਼ ਮਹਿਲਮਾ ਚੇਅਰਮੈਨ, ਸੋਹਣ ਸਿੰਘ ਬੈਂਸ, ਰਾਕੇਸ਼ ਵਰਮਾ ਬਲਾਕ ਪ੍ਰਧਾਨ, ਤਰਸੇਮ ਲਾਲ ਬਲਾਕ ਪ੍ਰਧਾਨ, ਰੋਕੀ ਸੁਖਸਾਲ ਬਲਾਕ ਪ੍ਰਧਾਨ, ਐਡਵੋਕੇਟ ਨੀਰਜ ਸ਼ਰਮਾ, ਸੁਰੇਸ਼ ਦਘੋੜ, ਮੋਹਨ ਲਾਲ ਪੱਸੀਵਾਲ, ਗੁਰਨਾਮ ਕੁਲਗਰਾਂ, ਹਨੀ ਭੱਟੋਂ, ਦਲਜੀਤ ਹਾਜੀਪੁਰ, ਜਸਵੀਰ ਮਜਾਰੀ ਹਾਜ਼ਰ ਸਨ।

ਕੁੱਲੀ ਬਾਬਾ ਖੁਸ਼ਦਿਲ ਵਿਖੇ ਸਾਲਾਨਾ ਸਮਾਗਮ ਦੇ ਰਾਤਰੀ ਦੀਵਾਨਾਂ ਦੀ ਹੋਈ ਆਰੰਭਤਾ

ਅੱਡਾ ਸਰਾਂ, (ਕਾਜਲ)- ਬਾਬਾ ਸੰਗਤ ਸਿੰਘ ਜੀ ਅਤੇ ਬਾਬਾ ਜੀਵਨ ਸਿੰਘ ਸੈਤਾ,ਰੰਗਰੇਟਾ ਗੁਰੂ ਕਾ ਬੇਟਾ ਨੂੰ ਸਮਰਪਿਤ 50ਵਾਂ ਸਾਲਾਨਾ ਖੁਸ਼ਦਿਲ ਕੀਰਤਨ ਦਰਬਾਰ ਅਤੇ 27ਵਾਂ ਸਲਾਨਾ ਸਮਾਗਮ ਦੀ ਪਿੰਡ ਦਰੀਆ ਵਿਖੇ ਆਰੰਭਤਾ ਹੋਈ । ਜਿਸ ਵਿਚ ਰਾਤਰੀ ਦੇ ਦੀਵਾਨਾਂ ਦੀ ਆਰੰਭਤਾ ਭਾਈ ਹਰਭਜਨ ਸਿੰਘ ਸਿੰਘ ਸੋਤਲਾ ਵਾਲਿਆਂ ਦੇ ਕੀਰਤਨੀ ਜਥੇ ਨੇ ਹਾਜ਼ਰੀ ਭਰ ਕੇ ਕੀਤੀ । ਉਨ੍ਹਾਂ ਨੇ ਵਾਹਿਗੁਰੂ ਦੀ ਉਸਤਤ ਕਰਦਿਆਂ ਹੋਇਆਂ ਦੱਸਿਆ ਕਿ ਭਗਤਾਂ, ਬ੍ਰਹਮਗਿਆਨੀ, ਸੰਤਾਂ ਦਾ ਦਰਜਾ ਬਹੁਤ ਉੱਚਾ ਹੈ ਸੋ ਜੋ ਸਾਨੂੰ ਪ੍ਰਭੂ ਪਰਮੇਸ਼ਵਰ ਨਾਲ ਜੋੜਦੇ ਹਨ । ਇਸ ਮੌਕੇ ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਸੰਤ ਬਾਬਾ ਮੱਖਣ ਸਿੰਘ ਦੀ ਰਹਿਨੁਮਾਈ ਹੇਠ ਹੋ ਰਹੇ ਇਸ ਸਮਾਗਮ ਵਿਚ ਰੋਜ਼ਾਨਾ ਰਾਤਰੀ ਦੀਵਾਨਾਂ ਦੌਰਾਨ ਸੰਤ ਸੁਲੱਖਣ ਸਿੰਘ, ਭਾਈ ਮਲਕੀਤ ਸਿੰਘ ਰਾਮੂ ਬਿਆੜਾ ਵਾਲੇ, ਸੰਤ ਗੁਰਮੁਖ ਸਿੰਘ ਸੱਜਣਾਂ, ਢਾਡੀ ਭਾਈ ਦਾਤਾਰ ਸਿੰਘ ਕੰਧਾਲਾ ਜੱਟਾਂ ਵਾਲੇ, ਲੜੀਵਾਰ ਦਿਨਾਂ ਵਿਚ ਰਾਤਰੀ ਨੇ ਦੀਵਾਨਾਂ ਵਿਚ ਹਾਜ਼ਰੀ ਭਰਨਗੇ । ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਲੜੀਵਾਰ ਪਾਠਾਂ ਦੇ ਭੋਗ ਤੋਂ ਉਪਰੰਤ 23 ਅਕਤੂਬਰ ਨੂੰ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਪਿੰਡ ਦਰੀਆ ਤੋਂ ਸ਼ੁਰੂ ਹੋ ਕੇ ਪਿੰਡ ਕੰਧਾਲਾ ਜੱਟਾਂ ,ਬਾਬਕ, ਘੋੜੇਵਾਹਾ ਦੀ ਪ੍ਰਕਰਮਾ ਕਰਦੇ ਹੋਏ ਪਿੰਡ ਦਰੀਆ ਪਹੁੰਚ ਕੇ ਸਮਾਪਤੀ ਹੋਵੇਗੀ । 24 ਅਕਤੂਬਰ ਨੂੰ ਮਹਾਨ ਕੀਰਤਨ ਦਰਬਾਰ ਵੀ ਕਰਵਾਇਆ ਜਾਵੇਗਾ . ਜਿਸ ਵਿਚ ਪੰਥ ਦੇ ਮਹਾਨ ਕੀਰਤਨੀ ਜਥੇ, ਢਾਡੀ ਦੀਦਾਰ ਸਿੰਘ ਜੀ ਸੰਗਤਪੁਰੀ ਫਗਵਾੜਾ ,ਢਾਡੀ ਸਰੂਪ ਸਿੰਘ ਜੀ ਕਡਿਆਣਾ ਫਿਲੌਰ, ਢਾਡੀ ਹਰਜਿੰਦਰ ਸਿੰਘ ਜੀ ਨੂਰ ਬੁੱਟਰ ਅੰਬਾਲਾ, ਢਾਡੀ ਕਮਲਜੀਤ ਸਿੰਘ ਦਸੂਹਾ ਵਾਲੇ ,ਢਾਡੀ ਰਣਜੀਤ ਸਿੰਘ ਜੀ ਧੁੱਗਾ ਵਾਲੇ, ਕਵੀਸ਼ਰ ਭਾਈ ਬਲਵੀਰ ਸਿੰਘ ਹੁਸ਼ਿਆਰਪੁਰ , ਭਾਈ ਗੁਰਮੁਖ ਸਿੰਘ ਐਮ ਏ, ਜੌਹਲ ਜੋਗੀ ਜਲੰਧਰ, ,ਭਾਈ ਦਵਿੰਦਰ ਸਿੰਘ ਬੋਦਲਾਂ ਵਾਲੇ ਭਾਈ ਰਾਜਵੀਰ ਸਿੰਘ ਬੋਦਲਾਂ ਵਾਲੇ, ਭਾਈ ਸਤਿੰਦਰ ਪਾਲ ਸਿੰਘ ਦੀ ਬੋਦਲਾਂ ਵਾਲੇ, ਪ੍ਰੋਫੈਸਰ ਅਵਤਾਰ ਸਿੰਘ ਬੋਦਲਾਂ ਵਾਲੇ ਭਾਈ,ਜਸਵਿੰਦਰ ਸਿੰਘ ਜੀ ਗੜਦੀਵਾਲਾ, ਕੁਲਵਿੰਦਰ ਸਿੰਘ ਅਕੈਡਮੀ ਫਤਿਹਪੁਰ ਹੁਸ਼ਿਆਰਪੁਰ ,ਭਾਈ ਮੋਹਨ ਸਿੰਘ ਤਲਵੰਡੀ ਵਾਲੇ, ਭਾਈ ਗੁਰਮੁਖ ਸਿੰਘ ਕੰਧਾਲਾ ਜੱਟਾਂ ਵਾਲੇ ,ਬੀਬੀ ਮਨਪ੍ਰੀਤ ਕੌਰ ਕੰਧਾਲਾ ਜੱਟਾਂ, ਬੀਬੀ ਭੁਪਿੰਦਰ ਕੌਰ ਖਾਲਸਾ ਕੰਧਾਲਾ ਜੱਟਾਂ ,ਬੀਬੀ ਖੁਸ਼ਪ੍ਰੀਤ ਕੌਰ ਅਤੇ ਬੀਬਾ ਭੁਪਿੰਦਰ ਕੌਰ ਕੰਧਾਲਾ ਜੱਟਾਂ ਵਾਲੇ ਹਾਜ਼ਰੀ ਭਰਨਗੇ।

ਤਕਨੀਕੀ ਸਿੱਖਿਆ ਦੇ ਖੇਤਰ 'ਚ ਡਾ. ਡੀ ਡੀ ਘਈ ਦੀ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ : ਸੁਰਿੰਦਰ ਕੁਮਾਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ) ਤਕਨੀਕੀ ਸਿੱਖਿਆ 'ਚ ਵਿਸ਼ਵ ਭਰ 'ਚ ਨਾਮਣਾ ਖੱਟਣ ਵਾਲੇ ਹੁਸ਼ਿਆਰਪੁਰ ਦੇ ਜੰਮਪਲ ਸਵ: ਡਾ. ਡੀ.ਡੀ ਘਈ ਨੂੰ ਸਰਧਾਂਜਲੀ ਭੇਟ ਕਰਦਿਆਂ ਪੰਡਤ ਜਗਤ ਰਾਮ ਸਰਕਾਰੀ ਬਹੁਤਕਨੀਕੀ ਕਾਲਜ ਹੁਸ਼ਿਆਰਪੁਰ ਦੇ ਹੋਸਟਲ ਦਾ ਨਾਂਅ ਡੀ ਡੀ ਘਈ ਹੋਸਟਲ ਰੱਖਿਆ ਗਿਆ। ਮੇਅਰ ਸੁਰਿੰਦਰ ਕੁਮਾਰ ਅਤੇ ਕੈਬਨਿਟ ਮੰਤਰੀ ਬ੍ਰਮ ਸੰਕਰ ਜਿੰਪਾ ਦੇ ਭਰਾ ਰਾਜੇਸਵਰ ਦਿਆਲ ਬੱਬੀ ਨੇ ਪੰਡਤ ਜਗਤ ਰਾਮ ਸਰਕਾਰੀ ਬਹੁਤਕਨੀਕੀ ਕਾਲਜ ਵਿਖੇ ਪਹੁੰਚ ਕੇ ਹੋਸਟਲ ਦੇ ਨਾਮਕਰਨ ਦਾ ਉਦਘਾਟਨ ਕੀਤਾ। ਉਦਘਾਟਨੀ ਸਮਾਰੋਹ ਦੌਰਾਨ ਮੇਅਰ ਨੇ ਸਵ: ਡਾ: ਘਈ ਦੇ ਪਰਿਵਾਰਕ ਮੈਂਬਰਾਂ ਅਤੇ ਆਏ ਹੋਏ ਪਤਵੰਤਿਆਂ ਨਾਲ ਮਿਲ ਕੇ ਬੂਟੇ ਵੀ ਲਗਾਏ . ਇਸ ਤੋਂ ਬਾਅਦ ਮੇਅਰ ਸੁਰਿੰਦਰ ਕੁਮਾਰ ਅਤੇ ਰਾਜੇਸ਼ਵਰ ਦਿਆਲ ਬੱਬੀ ਨੇ ਪੰਡਤ ਜੇ.ਆਰ ਸਰਕਾਰੀ ਬਹੁਤਕਨੀਕੀ ਕਾਲਜ ਵਿਖੇ ਅੰਤਰ ਪੋਲੀਟੈਕਨਿਕ ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨ ਵੀ ਕੀਤਾ ਅਤੇ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ।

ਹੋਸਟਲ ਦਾ ਉਦਘਾਟਨ ਕਰਨ ਮੌਕੇ ਮੇਅਰ ਸੁਰਿੰਦਰ ਕੁਮਾਰ ਨੇ ਡਾ. ਡੀ ਡੀ ਘਈ ਨੂੰ ਯਾਦ ਕਰਦਿਆਂ ਕਿਹਾ ਕਿ ਤਕਨੀਕੀ ਸਿੱਖਿਆ ਦੇ ਖੇਤਰ 'ਚ ਉਨ੍ਹਾਂ ਦੀ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦੇ ਨਾਂਅ ਬਹੁਤ ਸਾਰੀਆਂ ਪ੍ਰਾਪਤੀਆਂ ਹਨ, ਜਿਨ੍ਹਾਂ ਨੂੰ ਅੱਜ ਵੀ ਬੜੇ ਮਾਣ ਨਾਲ ਯਾਦ ਕੀਤਾ ਜਾਂਦਾ ਹੈ। ਇਸ ਮੌਕੇ ਰਵਿੰਦਰ ਮੋਹਨ ਘਈ, ਪੰਡਤ ਜਗਤ ਰਾਮ ਪੋਲੀਟੈਕਨਿਕ ਕਾਲਜ ਦੇ ਪ੍ਰਿੰਸੀਪਲ ਸੰਦੀਪ ਸਿੰਗਲਾ, ਪ੍ਰੋਫੈਸਰ ਰਾਜੇਸ ਧੁੰਨਾ, ਡਾ: ਰਿਚਾ ਘਈ ਥੰਮਣ, ਜੇ.ਐਸ. ਚੌਹਾਨ, ਏ.ਕੇ.ਗੁਪਤਾ, ਡਾ: ਨੀਲ ਖਰਬੰਦਾ, ਸੰਦੀਪ ਗੁਪਤਾ, ਡਾ: ਰਮੇਸ ਨੰਦਾ, ਕੁਲਵੰਤ ਸਿੰਘ ਆਹਲੂਵਾਲੀਆ, ਮਧੂਸੂਦਨ, ਪੀ.ਐਸ. ਗਿੱਲ, ਦਿਨੇਸ ਮਹਾਜਨ, ਸੀ.ਏ ਤਰਨਜੀਤ, ਸਤੀਸ਼ ਪੁਰੀ, ਹਰਪ੍ਰੀਤ ਕੌਰ, ਪ੍ਰਤਿਭਾ ਭੰਡਾਰੀ, ਡਾ: ਮਧੂਬਾਲਾ ਘਈ, ਸਤਵੰਤ ਸਿੰਘ ਸਿਆਣ, ਕੌਂਸਲਰ ਹਰਵਿੰਦਰ ਬਿੰਦਰ, ਸੁਮੇਸ ਸੋਨੀ, ਹਰਜਿੰਦਰ ਸਿੰਘ ਵਿਰਦੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਇਜ਼ਰਾਈਲ ਵੱਲੋਂ ਕੀਤੀ ਜਾ ਰਹੀ ਬੰਬਾਰੀ ਵਿਰੁੱਧ ਪ੍ਰਦਰਸ਼ਨ ਭਲਕੇ

ਜਲੰਧਰ (ਕੇਸਰ, ਰਾਜੇਸ਼ ਥਾਪਾ)-ਇਨਕਲਾਬੀ ਧਿਰਾਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਅਤੇ ਇਨਕਲਾਬੀ ਕੇਂਦਰ ਪੰਜਾਬ ਵਲੋਂ ਸਾਂਝੇ ਤੌਰ 'ਤੇ ਫਲਸਤੀਨੀ ਲੋਕਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਅਤੇ ਇਜਰਾਈਲ ਦੁਆਰਾ ਕੀਤੀ ਜਾ ਰਹੀ ਬੰਬਾਰੀ ਦੇ ਖਿਲਾਫ 22 ਅਕਤੂਬਰ ਨੂੰ ਜਲੰਧਰ ਵਿਖੇ ਮਾਝਾ ਦੁਆਬਾ ਜੋਨ ਪੱਧਰੀ ਕੀਤੇ ਜਾ ਰਹੇ ਪ੍ਰਦਰਸ਼ਨ ਦੀਆਂ ਤਿਆਰੀਆਂ ਮੁਕੰਮਲ ਹਨ। ਇਸ ਮੁਜਾਹਰੇ ਵਿੱਚ ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ, ਜਲੰਧਰ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਨਗਰ ਤੋਂ ਮਿਹਨਤੀ ਲੋਕ ਸ਼ਮੂਲੀਅਤ ਕਰਨਗੇ। ਇਸ ਉਪਰੰਤ 26 ਅਕਤੂਬਰ ਮਾਲਵਾ ਖੇਤਰ

21-OCT-PAGE-10.qxd 10/20/2023 9:28 PM Page 1

ਸ਼ਹੀਦ ਭਗਤ ਸਿੰਘ ਸਟੇਟ 'ਵਰਸਿਟੀ ਵਿਖੇ ਦੋ ਦਿਨਾ ਤਕਨੀਕੀ ਮੇਲਾ ਸਫ਼ਲਤਾ-ਪੂਰਵਕ ਸਮਾਪਤ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)

ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫ਼ਿਰੋਜ਼ਪੁਰ ਵਿਖੇ ਇੰਡੀਅਨ ਸੋਸਾਇਟੀ ਫਾਰ ਟੈਕਨੀਕਲ ਐਜੂਕੇਸ਼ਨ ਵੱਲੋਂ ਆਯੋਜਤ ਕੀਤਾ ਦੋ ਦਿਨਾ ਤਕਨੀਕੀ ਮੇਲਾ ਸਫ਼ਲਤਾ ਪੂਰਵਕ ਸਮਾਪਤ ਹੋਇਆ। ਇਸ ਮੇਲੇ ਵਿੱਚ ਵੱਖ-ਵੱਖ ਕਾਲਜਾਂ, ਯੂਨੀਵਰਸਿਟੀਆਂ ਤੇ ਸਕੂਲਾਂ ਦੇ ਲਗਭਗ 200 ਭਾਗੀਦਾਰਾ ਨੇ ਭਾਗ ਲਿਆ। ਇਸ ਸਬੰਧੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਬੂਟਾ ਸਿੰਘ ਸਿੱਧੂ ਨੇ ਦੱਸਿਆ ਕਿ ਇੰਡੀਅਨ ਸੁਸਾਇਟੀ ਫਾਰ ਟੈਕਨੀਕਲ ਐਜੂਕੇਸ਼ਨ ਇਸ ਤਰ੍ਹਾਂ ਦੇ ਤਕਨੀਕੀ ਸਮਾਗਮਾਂ ਰਾਹੀਂ ਵਿਦਿਆਰਥੀਆਂ ਨੂੰ ਟੈਕਨੀਕਲ ਮੁਹਾਰਤ, ਰਚਨਾਤਮਕ ਮੁਸ਼ਕਲਾਂ ਹੱਲ ਕਰਨ ਤੇ ਨਵੀਆਂ ਖੋਜਾਂ ਸੰਬੰਧੀ ਵਿਚਾਰ ਤੇ ਯੋਗਤਾ ਰੱਖਣ ਦੇ ਮੌਕੇ ਪ੍ਰਦਾਨ ਕਰਦਾ ਹੈ।

ਉਨ੍ਹਾਂ ਦੱਸਿਆ ਕਿ ਤਕਨੀਕੀ ਮੇਲੇ ਦੇ ਪਹਿਲੇ ਦਿਨ ਵੱਖ-ਵੱਖ ਵਿਦਿਆਰਥੀਆਂ ਦੀਆਂ ਟੀਮਾਂ ਵੱਲੋਂ ਪਾਵਰ ਪੁਆਇੰਟ ਪ੍ਰੈਜ਼ਨਟੇਸ਼ਨ, ਕੋਡ-ਵੀਟਾ, ਪਿਕ ਐਂਡ ਸਪੀਕ ਅਪਟੀਚਿਊਡ, ਗਰੁੱਪ ਡਿਸਕਸ਼ਨ, ਲੋਗੋ ਤੇ ਪੋਸਟਰ ਡਿਜ਼ਾਈਨ ਆਦਿ ਮੁਕਾਬਲਿਆਂ 'ਚ ਭਾਗ ਲਿਆ ਗਿਆ, ਜਿਸ ਵਿੱਚ ਜੇਤੂ ਰਹੀਆਂ ਟੀਮਾਂ ਨੂੰ ਮੈਡਲ ਤੇ ਸਨਮਾਨ ਚਿੰਨ੍ਹ ਤਕਸੀਮ ਕੀਤੇ ਗਏ।ਦੂਜੇ ਦਿਨ 'ਗੋ ਆਟੋ ਐਕਸਪੋ' ਪ੍ਰੋਜੇਕਟਾਂ ਦੀ ਇਕ ਪ੍ਰਦਰਸ਼ਨੀ ਲਾਈ ਗਈ, ਜਿਸ ਵਿੱਚ ਵਿਦਿਆਰਥੀਆਂ ਵਲੋਂ ਤਿਆਰ ਖੋਜ ਭਰਪੂਰ ਪ੍ਰੋਜੈਕਟ ਸ਼ਾਮਲ ਕੀਤੇ ਗਏ, ਜਿਸ ਵਿੱਚ ਉਨ੍ਹਾਂ ਨੂੰ ਆਪਣੇ ਟੈਕਨੀਕਲ ਟੈਲੇਂਟ ਤੇ ਰਚਨਾਤਮਕਤਾ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ।ਇਸ ਈਵੈਂਟ ਵਿੱਚ ਦਾਸ ਐਂਡ ਬਰਾਊਨ ਵਰਲਡ ਸਕੂਲ ਫ਼ਿਰੋਜ਼ਪੁਰ ਦੇ ਵਿਦਿਆਰਥੀਆਂ ਨੇ ਪਹਿਲਾ ਇਨਾਮ ਹਾਸਲ ਕੀਤਾ।

ਯੂਨੀਵਰਸਿਟੀ ਦੇ ਉੱਪ ਕੁਲਪਤੀ ਡਾ. ਬੂਟਾ ਸਿੰਘ ਸਿੱਧੂ ਨੇ ਇਸ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਰਜਨੀ, ਕੋ-ਕੋਆਰਡੀਨੇਟਰ ਮਿਸ ਨਵਦੀਪ ਕੌਰ ਝੱਜ ਤੇ ਉਨ੍ਹਾਂ ਦੀ ਟੀਮ ਨੂੰ ਈਵੈਂਟ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਮੁਬਾਰਕਬਾਦ ਦਿੱਤੀ।ਯੂਨੀਵਰਸਿਟੀ ਰਜਿਸਟਰਾਰ ਡਾ. ਗ਼ਜ਼ਲਪ੍ਰੀਤ ਸਿੰਘ ਅਰਨੇਜਾ ਨੇ ਪ੍ਰੋਗਰਾਮ ਆਰਗੇਨਾਈਜ਼ਿੰਗ ਟੀਮ ਨੂੰ ਮੁਬਾਰਕਬਾਦ ਦਿੰਦਿਆਂ ਜੇਤੂਆਂ ਨੂੰ ਮੈਡਲ ਤੇ ਸਨਮਾਨ ਚਿੰਨ੍ਹ ਭੇਟ ਕੀਤੇ।ਅੰਤ ਵਿੱਚ ਡਾ. ਰਜਨੀ ਵੱਲੋਂ ਆਏ ਹੋਏ ਮਹਿਮਾਨਾਂ ਤੇ ਸਟਾਫ਼ ਦਾ ਪ੍ਰੋਗਰਾਮ ਨੂੰ ਨੇਪਰੇ ਚਾੜਨ ਲਈ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ ਗਿਆ।ਇਸ ਪ੍ਰੋਗਰਾਮ ਨੂੰ ਸਫ਼ਲ ਬਨਾਉਣ ਲਈ ਵਿਦਿਆਰਥੀ ਪ੍ਰਧਾਨ ਅਭਿਸ਼ੇਕ ਗੌਤਮ, ਵਾਈਸ ਪ੍ਰਧਾਨ ਤੁਸ਼ਾਰ ਅਗਰਵਾਲ, ਜਨਰਲ ਸਕੱਤਰ ਨਿਕਿਤਾ ਸ਼ਰਮਾ, ਖ਼ਜ਼ਾਨਚੀ ਰਣਵੀਰ ਕੁਮਾਰ, ਤਕਨੀਕੀ ਮੁਖੀ ਅਭਿਸ਼ੇਕ ਬਿਸ਼ਟ ਤੇ ਲਕਸ਼ੇ ਜੈਨ, ਨੋਨ- ਤਕਨੀਕੀ ਮੁਖੀ ਨਵਨੀਤ ਕੁਮਾਰ ਆਦਿ ਦੀ ਵਿਸ਼ੇਸ਼ ਭੂਮਿਕਾ ਰਹੀ। ਇਸ ਮੌਕੇ ਡਾ. ਤੇਜੀਤ ਸਿੰਘ, ਡਾ. ਸੁਨੀਲ ਬਹਿਲ, ਪ੍ਰੋ. ਜੁਪਿੰਦਰ ਸਿੰਘ, ਡਾ. ਬਲਪ੍ਰੀਤ ਕੌਰ, ਡਾ. ਕਿਰਨਜੀਤ ਕੌਰ, ਪ੍ਰੋ. ਨਵਨੀਤ ਕੌਰ ਡਾ. ਰਾਜੀਵ ਗਰਗ, ਡਾ. ਏ ਕੇ ਅਸਾਟੀ, ਡਾ. ਕੁਲਭੂਸ਼ਨ ਅਗਨੀਹੋਤਰੀ, ਡਾ. ਰਾਜੀਵ ਅਰੋੜਾ, ਪੀ.ਆਰ.ਓ ਯਸ਼ਪਾਲ ਤੋਂ ਇਲਾਵਾ ਭਾਰੀ ਗਿਣਤੀ 'ਚ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

ਮਨਰੇਗਾ ਮਜ਼ਦੂਰਾਂ ਨੇ ਬੀ ਡੀ ਪੀ ਓ ਨੂੰ ਦਿੱਤਾ ਮੰਗ ਪੱਤਰ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਦੇ ਦਫ਼ਤਰ ਸਾਹਮਣੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ (ਸੀਟੂ) ਨਾਲ ਸਬੰਧਤ ਸੈਂਕੜਿਆਂ ਦੀ ਗਿਣਤੀ ਵਿੱਚ ਮਜ਼ਦੂਰ ਸਰਵਸਾਥੀ ਹਰੀ ਰਾਮ ਭੱਟੀ ਤੇ ਸਾਥੀ ਸਿਕੰਦਰ ਬਖ਼ਸ਼ ਮੰਡ ਚੌਂਤਾ ਦੀ ਅਗਵਾਈ ਵਿੱਚ ਇਕੱਤਰ ਹੋਏ। ਮਨਰੇਗਾ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਮਨਰੇਗਾ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਅਮਰ ਨਾਥ ਕੂੰਮਕਲਾਂ ਤੇ ਸੀਟੂ ਦੇ ਮੀਤ ਪ੍ਰਧਾਨ ਪਰਮਜੀਤ ਨੀਲੋਂ ਨੇ ਦੱਸਿਆ ਕਿ ਬਲਾਕ ਮਾਛੀਵਾੜਾ ਦੇ ਬਹੁਤ ਸਾਰੇ ਪਿੰਡਾਂ ਵਿੱਚ ਮਾਰਚ-2023 ਤੋਂ ਬਾਅਦ ਨਾ-ਮਾਤਰ ਹੀ ਕੰਮ ਚਲਾਇਆ ਗਿਆ ਹੈ, ਜਦਕਿ ਮਨਰੇਗਾ ਕਾਨੂੰਨ ਮੁਤਾਬਿਕ ਮਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ 100 ਦਿਨ ਕੰਮ ਦੇਣਾ ਲਾਜ਼ਮੀ ਹੈ। ਉਨ੍ਹਾਂ ਮੰਗ ਕੀਤੀ ਕਿ ਸਾਰੇ ਜੌਬ ਕਾਰਡ ਧਾਰਕਾਂ ਨੂੰ ਕੰਮ ਦਿੱਤਾ ਜਾਵੇ, ਆਨਲਾਈਨ ਹਾਜ਼ਰੀ ਦੇ ਨਾਲ-ਨਾਲ ਆਫ਼ ਲਾਈਨ ਹਾਜ਼ਰੀ ਵੀ ਲਗਾਈ ਜਾਵੇ, ਕਿਉਂਕਿ ਨੈੱਟਵਰਕ ਦੀ ਸਮੱਸਿਆ ਕਰਕੇ ਅੱਧਾ ਦਿਨ ਕੰਮ ਕਰਨ ਤੋਂ ਬਾਅਦ ਮਜ਼ਦੂਰਾਂ ਦੀ ਹਾਜ਼ਰੀ ਨਹੀਂ ਲਗਦੀ, ਜਿਸ ਕਰਕੇ ਮਜ਼ਦੂਰਾਂ ਦੀ ਦਿਹਾੜੀ ਮਰ ਜਾਂਦੀ ਹੈ।

ਮਨਰੇਗਾ ਮਜ਼ਦੂਰਾਂ ਵੱਲੋਂ ਬੀ.ਡੀ.ਪੀ.ਓ. ਗੁਰਪ੍ਰੀਤ ਸਿੰਘ ਮਾਂਗਟ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ, ਜਿਨ੍ਹਾਂ ਨੇ ਮੌਕੇ 'ਤੇ ਵੱਖ-ਵੱਖ ਪਿੰਡਾਂ ਤੋਂ ਆਏ ਮਜ਼ਦੂਰਾਂ ਨੂੰ ਕੰਮ ਦੇਣ ਲਈ ਅਧਿਕਾਰੀਆਂ ਨੂੰ ਹਦਾਇਤ ਕਰ ਦਿੱਤੀ ਤੇ ਪਿੰਡ ਪੰਜਗਰਾਈਆਂ ਦੀ ਮੇਟ ਮਨਪ੍ਰੀਤ ਕੌਰ ਨੂੰ ਰਜਿਸਟਰਡ ਕਰਕੇ ਐਪ ਜਾਰੀ ਕਰ ਦਿੱਤੀ। ਸੀਟੂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨਾਲ ਸਬੰਧਤ ਮੰਗਾਂ ਲਈ ਸੰਘਰਸ਼ ਤੇਜ਼ ਕੀਤਾ ਜਾਵੇਗਾ।

ਪਾਥਵੇਜ਼ ਗਲੋਬਲ ਸਕੂਲ ਨੇ ਮਨਾਇਆ ਇੰਟਰਨੈਸ਼ਨਲ ਸੈਫ ਦਿਵਸ

ਕੋਟ ਈਸੇ ਖਾਂ (ਅਰੋੜਾ)

ਪਾਥਵੇ ਅਜ ਗਲੋਬਲ ਸਕੂਲ, ਜੋ ਇਲਾਕੇ ਦਾ ਨਾਮਵਰ ਆਈ ਸੀ ਐਸ ਈ ਦਿੱਲੀ ਬੋਰਡ ਤੋਂ ਮਾਨਤਾ ਪ੍ਰਾਪਤ ਸਕੂਲ ਹੈ ਅਤੇ ਆਪਣੇ ਬੱਚਿਆਂ ਨੂੰ ਵਰਲਡ ਕਲਾਸ ਦੀ ਐਜੂਕੇਸ਼ਨ ਦੇ ਰਿਹਾ ਹੈ, ਵਿਖੇ ਇੰਟਰਨੈਸ਼ਨਲ ਸੈਫ ਦਿਵਸ ਮਨਾਇਆ ਗਿਆ। ਇਹ ਦਿਵਸ ਹਰ ਸਾਲ ਪੂਰੇ ਵਿਸ਼ਵ ਵਿੱਚ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਬਾਵਰਚੀ ਕਿੱਤੇ ਨੂੰ ਸੰਸਾਰ 'ਚ ਸਤਿਕਾਰ ਦੇਣ ਵਾਸਤੇ ਇਸ ਦਿਨ ਨੂੰ ਮਨਾਉਣਾ ਸ਼ੁਰੂ ਕੀਤਾ ਸੀ। ਇਸ ਮੌਕੇ ਪਾਥਵੇਜ ਗਲੋਬਲ ਸਕੂਲ ਦੁਆਰਾ ਵਿਦਿਆਰਥੀਆਂ ਦੇ ਬਿਨਾਂ ਅੱਗ ਤੋਂ ਭੋਜਨ ਬਣਾਉਣ ਦੇ ਮੁਕਾਬਲੇ ਕਰਾਏ ਗਏ, ਜਿਸ ਵਿੱਚ ਲੜਕੀਆਂ ਨੇ ਬਹੁਤ ਸਾਰੀਆਂ ਡਿਸ਼ਜ ਤਿਆਰ ਕੀਤੀਆਂ, ਜਿਵੇਂ ਕੋਕੋਨਟ ਚਾਟ, ਸੂਜੀ, ਸੈਂਡਵਿਚ, ਬਰੈਡ ਮਲਾਈ, ਚੋਕੋਰੋਲਜ, ਫਰੂਟ ਡਿਲਾਈਟ, ਬਲੈਕ ਫੋਰੈਸਟ ਕੇਕ, ਕੋਲਡ ਸੈਂਡਵਿਚ, ਡਰਾਈ ਫਰੂਟ ਕਰਡ, ਪਾਰਟੀ ਪਲੈਟਰ, ਪਾਕਿਸਤਾਨੀ ਰਾਇਤਾ, ਛੋਲੇ ਚਾਟ ਆਦਿ। ਸਕੂਲ ਮੈਨੇਜਮੈਂਟ ਪ੍ਰਿੰਸੀਪਲ ਤੇ ਡੀਪੀ ਸਟਾਫ਼ ਦੁਆਰਾ ਦਿੱਤੀ ਗਈ ਹਾਈ ਜਜਮੈਂਟ ਦੇ ਆਧਾਰ 'ਤੇ ਗਗੀਨ ਹਾਊਸ ਫਸਟ ਰਨਰਪ, ਬਲਿਊ ਹਾਊਸ ਸੈਕਿੰਡ ਰਨਰਅਪ ਅਤੇ ਰੈੱਡ ਹਾਊਸ ਨੂੰ ਇਸ ਇਵੈਂਟ ਦਾ ਜੇਤੂ ਕਰਾਰ ਦਿੱਤਾ ਗਿਆ। ਨਤੀਜਿਆਂ ਦੀ ਘੋਸ਼ਣਾ ਕਰਦਿਆਂ ਪ੍ਰਿੰਸੀਪਲ ਹਰਬੰਸ ਸਿੰਘ ਵਿਰਕ ਨੇ ਭਾਗ ਲੈਣ ਵਾਲੇ ਸਾਰੇ ਹੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਭਵਿੱਖ ਵਿੱਚ ਅਜਿਹੇ ਕਿੱਤੇ ਅਪਣਾਉਣ ਲਈ ਪ੍ਰੇਰਤ ਕੀਤਾ।

ਸਕੂਲ ਦੇ ਮਾਣਯੋਗ ਪ੍ਰਿੰਸੀਪਲ ਹਰਵੰਤ ਸਿੰਘ, ਸਕੂਲ ਦੇ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰਧਾਨ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੌਦ, ਚਾਹਤ ਕੰਬੋਜ, ਸਤਨਾਮ ਸਿੰਘ ਸੌਦ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜੋਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ ਨੇ 'ਇੰਟਰਨੈਸ਼ਨਲ ਸੈਫ ਦਿਵਸ' ਮੌਕੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ।

ਕਾਤਰਾਂ

ਪੱਤਰਕਾਰ ਇਕਬਾਲ ਸਿੰਘ ਨੂੰ ਸਦਮਾ, ਵੱਡੇ ਭਰਾ ਦਾ ਦੇਹਾਂਤ

ਸਮਾਣਾ (ਗੁਰਪਿਆਰ ਸਿੰਘ ਬੱਲ)-ਬੀਤੇ ਦਿਨ ਪੱਤਰਕਾਰ ਇਕਬਾਲ ਸਿੰਘ ਬੱਲ ਨੂੰ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਤਾਏ ਦਾ ਵੱਡਾ ਸਪੁੱਤਰ ਕਸ਼ਮੀਰ ਸਿੰਘ (70) ਸਾਲ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਮਰ ਹਸਪਤਾਲ ਪਟਿਆਲਾ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ, ਪ੍ਰੰਤੂ ਪ੍ਰਮਾਤਮਾ ਦੇ ਬਣਾਏ ਵਿਧਾਨ ਅੱਗੇ ਉਨ੍ਹਾਂ ਨੂੰ ਹਾਰ ਮੰਨਣੀ ਪਈ। ਉਹ ਆਪਣੇ ਪਿੱਛੇ ਤਿੰਨ ਲੜਕੇ ਜਤਿੰਦਰ ਸਿੰਘ ਫੌਜੀ, ਦਲਜੀਤ ਸਿੰਘ ਤੇ ਜਸਕਰਨ ਸਿੰਘ ਛੱਡ ਗਏ ਹਨ। ਉਨ੍ਹਾਂ ਦੀ ਰਿਹਾਇਸ਼ ਬਡੂੰਗਰ ਪਟਿਆਲਾ ਵਿਖੇ ਹੈ। ਬਡੂੰਗਰ ਦੀ ਸ਼ਮਸ਼ਾਨ ਘਾਟ ਵਿਖੇ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ। ਫੁੱਲ ਚੁਗਣ ਦੀ ਰਸਮ ਅੱਜ 21 ਅਕਤੂਬਰ ਸ਼ਨੀਵਾਰ ਨੂੰ ਹੋਵੇਗੀ।

ਬਾਬਾ ਖੇਤਰਪਾਲ ਸੇਵਾ ਸੰਮਤੀ ਵੱਲੋਂ ਬਾਬਾ ਖੇਤਰਪਾਲ ਦੀ ਚੌਂਕੀ 29 ਨੂੰ

ਬਾਘਾਪੁਰਾਣਾ (ਮਨੀ ਸਿੰਗਲਾ)-ਬਾਬਾ ਖੇਤਰਪਾਲ ਸੇਵਾ ਸੰਮਤੀ ਵੱਲੋਂ ਸ਼ਰਧਾਲੂਆਂ ਦੇ ਸਹਿਯੋਗ ਨਾਲ ਬਾਬਾ ਖੇਤਰਪਾਲ ਦੀ ਚੌਂਕੀ 29 ਅਕਤੂਬਰ ਨੂੰ ਮੰਦਿਰ ਵਿਖੇ ਰਾਤ 7.30 ਵਜੇ ਬੜੀ ਸ਼ਰਧਾ ਅਤੇ ਧੂਮਧਾਮ ਦੇ ਨਾਲ ਬਾਬਾ ਖੇਤਰਪਾਲ ਦੇ ਮੰਦਿਰ ਵਿਖੇ ਕਰਵਾਈ ਜਾ ਰਹੀ ਹੈ। ਚੇਅਰਮੈਨ ਵਿਜੇ ਬਾਂਸਲ, ਪ੍ਰਧਾਨ ਸੰਜੀਵ ਗਰਗ, ਰਾਕੇਸ਼ ਤੋਤਾ, ਜਗਪਤੀ ਪ੍ਰਸਾਦ ਗੋਇਲ ਨੇ ਦੱਸਿਆ ਕਿ ਚੌਂਕੀ ਲਈ ਬਾਬਾ ਜੀ ਦੀ ਜੋਤ ਰਾਵਤਸਰ ਤੋਂ ਲਿਆਂਦੀ ਜਾਵੇਗੀ, ਸਵੇਰੇ 9 ਵਜੇ ਹਵਨ, ਪੂਜਨ 6 ਵਜੇ ਪੁਜਾਰੀ ਮੁਕੇਸ਼ ਸ਼ਰਮਾ ਕਰਨਗੇ, ਬਾਬਾ ਜੀ ਦਾ ਗੁਣਗਾਨ ਲੱਖੀ ਸ਼ੇਖਾਵਤ ਜਲਾਲਾਬਾਦੀ ਕਰਨਗੇ।

ਸ੍ਰੀਮਦ ਦੇਵੀ ਭਾਗਵਤ ਪੁਰਾਣ ਕਥਾ ਯੱਗ 23 ਨੂੰ

ਸੰਗਰੂਰ ਪ੍ਰਵੀਨ ਸਿੰਘ)-ਮਾਤਾ ਰਾਜਰਾਜੇਸ਼ਵਰੀ ਮਾਂ ਜਗਦੰਬਾ ਦੀ ਕਿਰਪਾ ਨਾਲ ਸਰਦ ਨਵਰਾਤਰਿਆਂ ਦੇ ਸ਼ੁੱਭ ਅਵਸਰ 'ਤੇ ਸ੍ਰੀਮਦ ਦੇਵੀ ਭਾਗਵਤ ਪੁਰਾਣ ਕਥਾ ਜੱਗ 23 ਅਕਤੂਬਰ ਦਿਨ ਨੂੰ ਪ੍ਰਚੀਨ ਮੰਦਰ ਸ੍ਰੀ ਰਾਜਰਾਜੇਸ਼ਵਰੀ ਸੰਗਰੂਰ ਵਿਖੇ ਬੜੀ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ। ਨਵਰਾਤਿਆਂ ਦੇ ਪੰਜਵੇਂ ਦਿਨ ਸਕੰਦ ਮਾਤਾ ਦੇ ਵਿਸ਼ੇਸ਼ ਦਿਨ ਸਵੇਰੇ ਪੂਜਾ ਅਰਚਨਾ ਪ੍ਰਿੰਸੀਪਲ ਜਤਿੰਦਰ ਦੇਵ ਸ਼ਰਮਾ ਦੇ ਪਰਵਾਰ ਅਤੇ ਜਸਪਾਲ ਸ਼ਰਮਾ ਪ੍ਰਧਾਨ ਬ੍ਰਾਹਮਣ ਸਭਾ ਵਲੋਂ ਕਰਵਾਈ ਗਈ। ਪੰਜਵੇਂ ਦਿਨ ਸ੍ਰੀਮਦ ਦੇਵੀ ਭਾਗਵਤ ਮਹਾਪੁਰਾਣ ਕਥਾ ਵਿਆਸ ਅਚਾਰੀਆ ਅਸ਼ਵਨੀ ਭਾਸਕਰ ਸ਼ਾਸਤਰੀ ਮੰਦਰ ਮਾਤਾ ਕਾਲੀ ਦੇਵੀ, ਪਟਿਆਲਾ ਵਾਲਿਆਂ ਵਲੋਂ ਮੰਤਰਾਂ, ਸੰਸਕਾਰਾਂ ਦਾ ਸਾਡੇ ਜੀਵਨ ਵਿੱਚ ਕੀ ਪ੍ਰਭਾਵ ਹੈ ਬਾਰੇ ਵਿਸਥਾਰਪੂਰਵਕ ਦੱਸਿਆ। ਕ੍ਰਿਸ਼ਨ ਭਗਵਾਨ ਨੂੰ ਮੱਖਣ ਮਿਸਰੀ ਦਾ ਪ੍ਰਸ਼ਾਦ ਲਗਾਉਣ ਉਪਰੰਤ ਪਿਛੌਣੇ ਵੀ ਵੰਡੇ।

ਮੋਹਨ ਕੇ ਉਤਾੜ 'ਚ 29 ਲੱਖ ਦੀ ਲੁੱਟ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਹਲਕਾ ਗੁਰੂ ਹਰਸਹਾਏ 'ਚ ਪੈਂਦੇ ਪਿੰਡ ਮੋਹਨ ਕੇ ਉਤਾੜ ਵਿਖੇ ਬਾਅਦ ਦੁਪਹਿਰ ਇੱਕ ਘਰ ਤੋਂ 29 ਲੱਖ ਰੁਪਏ ਦੀ ਲੁੱਟ ਹੋ ਜਾਣ ਦੀ ਖਬਰ ਹੈ। ਜਾਣਕਾਰੀ ਅਨੁਸਾਰ ਇੱਕ ਔਰਤ ਸੁਨੀਤਾ ਰਾਣੀ ਪਤਨੀ ਦਵਿੰਦਰ ਪਾਲ ਸਿੰਘ ਮੰਡੀ ਰੋੜਾਂਵਾਲੀ ਨੇ ਆਪਣੀ ਕੋਠੀ ਵੇਚ ਕੇ ਪਿੰਡ ਮੋਹਨ ਕੇ ਉਤਾੜ ਵਿਖੇ ਭਗਵਾਨ ਸਿੰਘ ਦੇ ਘਰ ਪਿਛਲੀ ਰਾਤ ਪੈਸੇ ਰੱਖੇ ਸਨ, ਜਦ ਸੁਨੀਤਾ ਰਾਣੀ ਤੇ ਪਰਿਵਾਰ ਵਾਲੇ ਪੈਸੇ ਲੈਣ ਆਏ ਤਾਂ ਉਹ ਆਪਣੇ ਪੈਸੇ ਭਗਵਾਨ ਸਿੰਘ ਦੇ ਘਰ ਗਿਣ ਰਹੇ ਸਨ ਤਾਂ ਉਸ ਵਕਤ ਦੋ ਨੌਜਵਾਨ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ, ਜਿਨ੍ਹਾਂ ਕੋਲ ਰਿਵਾਲਵਰ ਦੱਸੇ ਗਏ ਹਨ ਤਾਂ ਉਹ ਪੈਸੇ ਲੁੱਟ ਕੇ ਫਰਾਰ ਹੋ ਗਏ।

ਸ਼੍ਰੋਮਣੀ ਕਮੇਟੀ ਦੀ ਵੋਟ ਲਈ 15 ਤੱਕ ਭਰੇ ਜਾਣਗੇ ਫਾਰਮ

ਮਾਨਸਾ (ਪਮਾਰ)-ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਪੰਜਾਬ ਦੀਆਂ ਹਦਾਇਤਾਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਇਹ ਜਾਣਕਾਰੀ ਦਿੰਦਿਆਂ ਰਿਵਾਇਜ਼ਿੰਗ ਅਥਾਰਟੀ-38 ਗੁਰਦੁਆਰਾ ਬੋਰਡ ਚੋਣ ਹਲਕਾ ਮਾਨਸਾ-ਕਮ-ਉਪ ਮੰਡਲ ਮੈਜਿਸਟ੍ਰੇਟ ਮਾਨਸਾ ਸ੍ਰੀ ਪ੍ਰਮੋਦ ਸਿੰਗਲਾ ਨੇ ਦੱਸਿਆ ਕਿ ਵੋਟਰ ਸ਼੍ਰੋਮਣੀ ਕਮੇਟੀ ਵੋਟਰ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਉਣ ਲਈ 21 ਅਕਤੂਬਰ ਤੋਂ 15 ਨਵੰਬਰ 2023 ਤੱਕ ਆਪਣੇ ਸਬੰਧਤ ਹਲਕੇ ਦੇ ਪਟਵਾਰੀ ਤੇ ਸਬੰਧਤ ਨਗਰ ਕੌਂਸਲ ਦੇ ਦਫ਼ਤਰ ਵਿਖੇ ਫਾਰਮ ਨੰਬਰ 1 ਰਾਹੀਂ ਦਾਅਵਾ ਪੇਸ਼ ਕਰ ਸਕਦੇ ਹਨ।

ਸਮਾਜ ਸੇਵਾ 'ਚ ਵੀ ਅਹਿਮ ਭੂਮਿਕਾ ਨਿਭਾਅ ਰਿਹੈ ਐੱਸ ਬੀ ਆਈ : ਡੀ ਸੀ

ਬਠਿੰਡਾ, ਸੰਗਤ ਮੰਡੀ (ਰਾਜਦੀਪ ਜੋਸ਼ੀ)

ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਸਟੇਟ ਬੈਂਕ ਆਫ ਇੰਡੀਆ ਵੱਲੋਂ ਲੋਕ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਐੱਸ ਬੀ ਆਈ ਆਰਥਿਕ ਮਾਮਲਿਆਂ ਦੇ ਨਾਲ-ਨਾਲ ਸਮਾਜ ਸੇਵਾ ਵਿੱਚ ਵੀ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਉਨ੍ਹਾ ਕਿਹਾ ਕਿ ਐੱਸ ਬੀ ਆਈ

21-Oct-PAGE-11.qxd 10/20/2023 9:39 PM Page 1

ਸਿੱਖਿਆ ਮਾਰੂ ਨੀਤੀਆਂ ਵਿਰੁੱਧ ਸਾਂਝਾ ਅਧਿਆਪਕ ਮੋਰਚਾ ਪੰਜਾਬ ਨੇ ਸਰਕਾਰ ਦਾ ਪੁਤਲਾ ਫੂਕਿਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਾਂਝਾ ਅਧਿਆਪਕ ਮੋਰਚਾ ਪੰਜਾਬ ਇਕਾਈ ਗੁਰਦਾਸਪੁਰ ਵੱਲੋਂ ਕੁਲਦੀਪ ਪੂਰੋਵਾਲ ਅਮਰਜੀਤ ਸਿੰਘ ਕਰਨੈਲ ਸਿੰਘ ਬਲਜੀਤ ਸਿੰਘ ਗੁਰਮੀਤ ਸਿੰਘ ਬਲਵਿੰਦਰ ਰਾਜ ਆਦਿ ਦੀ ਅਗਵਾਈ ਵਿੱਚ ਸਿੱਖਿਆ ਵਿਭਾਗ ਦੀ ਸਿੱਖਿਆ ਮਾਰੂ ਨੀਤੀਆਂ ਵਿਰੁੱਧ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਮੋਰਚੇ ਦੇ ਅਨਿਲ ਕੁਮਾਰ ਨੇ ਦੱਸਿਆ ਕਿ ਸਮੂਹ ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਵਰਚੂਅਲ ਮੀਟਿੰਗ ਵਿੱਚ ਸਿੱਖਿਆ ਵਿਭਾਗ ਵਲੋਂ ਅਧਿਆਪਕ ਬਦਲੀ ਨੀਤੀ ਨੂੰ ਛਿੱਕੇ ਟੰਗ ਕੇ ਅਧਿਆਪਕਾਂ ਦੀ ਦੂਰ ਦੁਰਾਡੇ ਦੇ ਐਮੀਨੈਂਸ ਸਕੂਲਾਂ ਵਿੱਚ ਕੀਤੀਆਂ ਗਈਆਂ ਜਬਰੀ ਬਦਲੀਆਂ ਦੀ ਨਿਖੇਧੀ ਕੀਤੀ ਗਈ। ਉਨ੍ਹਾਂ ਸ਼ਿਫਟ ਕਰਕੇ ਆਮ ਵਿਦਿਆਰਥੀਆਂ ਕੋਲੋਂ ਸਿੱਖਿਆ ਦਾ ਰਹਿੰਦਾ ਖੂੰਹਦਾ ਹੱਕ ਵੀ ਖੋਹ ਰਹੀ ਹੈ। ਪੰਜਾਬ ਦੇ ਵਿਦਿਆਰਥੀਆਂ ਨਾਲ ਇਹ ਵਿਤਕਰੇ ਭਰਿਆ ਵਰਤਾਉ ਰਾਸ਼ਟਰੀ ਸਿੱਖਿਆ ਨੀਤੀ ਲਾਗੂ ਕਰਦਿਆਂ ਕੀਤਾ ਜਾ ਰਿਹਾ ਹੈ। ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦੇ ਨਾਂ ਤੇ ਸਿਰਫ ਮਾਣ ਭੱਤੇ ਵਿੱਚ ਹੀ ਵਾਧਾ ਕਰਕੇ ਦੇਸ਼ ਵਿੱਚ ਅਧਿਆਪਕਾਂ ਦਾ ਸ਼ੋਸ਼ਣ ਕਰਨ ਦੀ ਨਵੀਂ ਪਿਰਤ ਪਾਈ ਗਈ ਹੈ। ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਲੰਗੜਾ ਨੋਟੀਫਿਕੇਸ਼ਨ ਕਰਕੇ ਪੰਜਾਬ ਦੇ ਅਧਿਆਪਕਾਂ ਅਤੇ ਮੁਲਾਜ਼ਮਾਂ ਨਾਲ ਵਿਸ਼ਵਾਸਘਾਤ ਕੀਤਾ ਗਿਆ ਹੈ।

ਪੰਜਾਬ ਸਰਕਾਰ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਸੈਂਕੜੇ ਕਰੋੜ ਰੁਪਏ ਬਕਾਇਆ ਨਾ ਦੇਣ ਕਾਰਨ ਬੋਰਡ ਵੱਲੋਂ ਵਿਦਿਆਰਥੀਆਂ ਤੋਂ ਪੰਜਾਬ ਦੇ ਸਮੁੱਚੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਬਰਾਬਰ ਮੌਕੇ ਦੇਣ ਦੇ ਬੁਨਿਆਦੀ ਸੰਵਿਧਾਨਕ ਅਧਿਕਾਰ ਨੂੰ ਲਾਗੂ ਕਰਨ ਲਈ ਐਮੀਨੈਂਸ ਸਕੂਲਾਂ ਵਾਲੀਆਂ ਸਹੂਲਤਾਂ ਦੇਣ ਦੀ ਮੰਗ ਕੀਤੀ। ਜਦੋਂ ਕਿ ਪੰਜਾਬ ਦੇ ਸਮੁੱਚੇ ਸਕੂਲ ਅਧਿਆਪਕਾਂ ਦੀ ਘਾਟ ਦਾ ਸੰਤਾਪ ਭੋਗ ਰਹੇ ਹਨ, ਉਦੋਂ ਸਰਕਾਰ ਇਨ੍ਹਾਂ ਸਕੂਲਾਂ ਵਿੱਚੋਂ ਅਧਿਆਪਕਾਂ ਨੂੰ ਐਮੀਨੈਂਸ ਸਕੂਲਾਂ ਵਿੱਚ ਸਰਟੀਫਿਕੇਟ ਫੀਸਾਂ, ਪ੍ਰੈਕਟੀਕਲ ਫੀਸਾਂ ਅਤੇ ਜੁਰਮਾਨੇ ਵਸੂਲ ਕੇ ਪ੍ਰਾਪਤ ਕੀਤੀ ਆਮਦਨ ਨਾਲ ਪੰਜਾਬ ਦਾ ਸਿੱਖਿਆ ਬੋਰਡ ਚਲਦਾ ਰੱਖਣ ਦੀ ਨਿਖੇਧੀ ਕੀਤੀ ਗਈ।

ਸਾਂਝੇ ਅਧਿਆਪਕ ਮੋਰਚਾ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਹੈ ਕਿ ਰਾਸ਼ਟਰੀ ਸਿੱਖਿਆ ਨੀਤੀ ਰੱਦ ਕਰਨ, ਕੱਚੇ ਅਧਿਆਪਕਾਂ ਨੂੰ ਪੂਰੇ ਤਨਖਾਹ ਸਕੇਲ ਵਿੱਚ ਪੱਕੇ ਕਰਨ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਸ਼ਿਫਟ ਕਰਨ, ਖਾਲੀ ਅਸਾਮੀਆਂ ਪੂਰੇ ਤਨਖਾਹ ਸਕੇਲ ਵਿੱਚ ਭਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਹਰ ਵਰਗ ਦੀਆਂ ਪ੍ਰਮੋਸ਼ਨਾਂ ਸਾਲ ਵਿੱਚ ਦੋ ਵਾਰ ਕਰਨ, ਪੰਜਵੇਂ ਤਨਖਾਹ ਕਮਿਸ਼ਨ ਵੱਲੋਂ ਸਿਫਾਰਸ਼ ਕੀਤੀ ਉਚੇਰੀ ਗਰੇਡ ਪੇਅ ਬਹਾਲ ਕਰਨ, 125% ਮਹਿੰਗਾਈ ਭੱਤੇ 'ਤੇ ਛੇਵੇਂ ਤਨਖਾਹ ਕਮਿਸ਼ਨ ਵੱਲੋਂ ਸਿਫਾਰਸ਼ ਕੀਤਾ 2.59 ਦਾ ਗੁਣਾਂਕ ਦੇਣ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦਾ ਬਕਾਇਆ ਅਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕਰਨ, ਸੋਧਣ ਦੇ ਬਹਾਨੇ ਬੰਦ ਕੀਤੇ ਸਮੁੱਚੇ ਭੱਤੇ ਬਹਾਲ ਕਰਨ, 15-1-2015 ਦਾ ਮੁਢਲੀ ਤਨਖਾਹ ਤੇ ਨਿਯੁਕਤੀ ਦਾ ਨੋਟੀਫਿਕੇਸ਼ਨ ਅਤੇ 17-7-2020 ਤੋਂ ਕੇਂਦਰ ਸਰਕਾਰ ਦੇ ਸਕੇਲ ਥੋਪਣ ਦਾ ਨੋਟੀਫਿਕੇਸ਼ਨ ਰੱਦ ਕਰਨ, 2018 ਦੇ ਅਧਿਆਪਕ ਵਿਰੋਧੀ ਨਿਯਮ ਰੱਦ ਕਰਨ ਸਮੇਤ ਅਧਿਆਪਕਾਂ ਦੀਆਂ ਭਖਦੀਆਂ ਮੰਗਾਂ ਮੰਨਵਾਉਣ ਲਈ 26 ਅਕਤੂਬਰ ਨੂੰ ਜ਼ਿਲਾ ਸਿੱਖਿਆ ਅਫਸਰ ਐਲੀ ਗੁਰਦਾਸਪੁਰ ਧਰਨਾ ਦਿੱਤਾ ਜਾਵੇਗਾ। ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਸਾਂਝਾ ਅਧਿਆਪਕ ਮੋਰਚਾ ਪੰਜਾਬ ਜਥੇਬੰਦਕ ਪ੍ਰਦਰਸਨ ਕਰਨ ਲਈ ਮਜਬੂਰ ਹੋਵੇਗਾ। ਇਸ ਮੌਕੇ ਅਨਿਲ ਕੁਮਾਰ, ਸੁਖਵਿੰਦਰ ਪਾਲ, ਦਿਲਦਾਰ ਭੰਡਾਲ, ਪਰਸ਼ੋਤਮ ਲਾਲ, ਅਨਿਲ ਕੁਮਾਰ, ਰਘਬੀਰ ਲਾਲ, ਸੁਭਾਸ਼ ਚੰਦਰ, ਰਜਨੀਸ਼ ਵਸ਼ਿਸ਼ਟ, ਮਨਜੀਤ ਸਿੰਘ, ਵਰਿੰਦਰ, ਮੋਹਨ, ਗੁਰਪਿੰਦਰ ਸਿੰਘ, ਸਿੰਧ ਰਾਜ, ਨਰਿੰਦਰ ਸ਼ਰਮਾ, ਰਮੇਸ਼ ਖੂੰਡਾ, ਦਵਿੰਦਰ ਸਿੰਘ, ਹਰਪਾਲ ਸਿੰਘ ਪਸਸਫ ਆਗੂ ਆਦਿ ਹਾਜ਼ਰ ਸਨ।

ਬਾਬਾ ਕੁੰਦਨ ਸਿੰਘ ਸੰਗਤ ਨਿਵਾਸ ਵਿਖੇ ਲੜੀਵਾਰ ਸਮਾਗਮ ਦੀ ਆਰੰਭਤਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਬਾਬਾ ਕੁੰਦਨ ਸਿੰਘ ਜੀ ਸੰਗਤ ਨਿਵਾਸ ਸਰਾਂ ਦੇ ਸ਼ੁਭ ਉਦਘਾਟਨ ਨੂੰ ਸਮਰਪਿਤ ਸਰਾਂ ਵਿਖੇ 19 ਅਕਤੂਬਰ ਤੋਂ 22 ਅਕਤੂਬਰ ਤਕ ਹੋਣ ਵਾਲੇ ਸਮਾਗਮਾਂ ਵਿੱਚ 19 ਅਕਤੂਬਰ ਪਹਿਲੇ ਦਿਨ ਦਾ ਸਮਾਗਮ ਦੁਪਹਿਰ 4 ਵਜੇ ਤੋਂ ਸ਼ਾਮ 8 ਤਕ ਗੁਰਮਤਿ ਸਮਾਗਮ ਕਰਵਾਏ ਗਏ ਜਿਸ ਵਿੱਚ ਭਾਈ ਗੁਰਇਕਬਾਲ ਸਿੰਘ, ਭਾਈ ਹਰਵਿੰਦਰਪਾਲ ਸਿੰਘ ਲਿਟਲ ਅਤੇ ਸ੍ਰੀ ਦਰਬਾਰ ਸਾਹਿਬ ਤੋਂ ਵਿਸ਼ੇਸ਼ ਤੌਰ ਤੇ ਆਏ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਗੁਰਮਤਿ ਵਿਚਾਰਾਂ ਨਾਲ ਸਰਾਵਾਂ ਦੀ ਮਹੱਤਤਾ ਬਾਰੇ ਸੰਗਤਾਂ ਨੂੰ ਇਤਿਹਾਸਕ ਕਥਾ ਸਰਵਣ ਕਰਵਾ ਨਿਹਾਲ ਕੀਤਾ। ਇਸ ਮੌਕੇ ਭਾਈ ਗੁਰਇਕਬਾਲ ਸਿੰਘ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ, ਸ਼ਹੀਦਾਂ ਸਾਹਿਬ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਬਾਹਰੋਂ ਆਉਣ ਵਾਲੀਆਂ ਸੰਗਤਾਂ ਤੋਂ ਇਲਾਵਾ ਸ੍ਰੀ ਅੰਮ੍ਰਿਤਸਰ ਦੀਆਂ ਸੰਗਤਾਂ ਲਈ ਵੀ ਇਹ ਸਰਾਂ ਸੇਵਾ ਲਈ ਹਾਜ਼ਰ ਹੈ। ਭਾਈ ਸਾਹਿਬ ਨੇ ਦੱਸਿਆ ਕਿ ਬਾਬਾ ਕੁੰਦਨ ਸਿੰਘ ਸੰਗਤ ਨਿਵਾਸ ਸਰਾਂ ਦੇ ਸ਼ੁਭ ਉਦਘਾਟਨ ਨੂੰ ਸਮਰਪਿਤ ਸਰਾਂ ਵਿਖੇ 19 ਅਕਤੂਬਰ ਤੋਂ 22 ਅਕਤੂਬਰ ਤਕ ਰੋਜ਼ਾਨਾ ਗੁਰਮਤਿ ਸਮਾਗਮ ਹੋਣਗੇ ਅਤੇ ਮੁੱਖ ਸਮਾਗਮ ਸਰਾਂ ਦਾ ਸ਼ੁਭ ਉਦਘਾਟਨ 22 ਅਕਤੂਬਰ ਨੂੰ ਹੋਵੇਗਾ। ਸਮਾਗਮਾ ਦੀ ਸਮਾਪਤੀ ਉਪਰੰਤ ਗੁਰੂ ਕੇ ਲੰਗਰ ਅਟੁੱਟ ਵਰਤਣਗੇ ।

ਮੋਹਲਗੜ੍ਹ 'ਚ ਹੋਈ ਬੇਅਦਬੀ ਦੀ ਧਾਮੀ ਵੱਲੋਂ ਨਿੰਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪਟਿਆਲਾ ਜ਼ਿਲ੍ਹੇ ਦੇ ਪਿੰਡ ਮੋਹਲਗੜ੍ਹ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ਪਾੜ ਕੇ ਕੀਤੀ ਬੇਅਦਬੀ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆ ਕਿਹਾ ਕਿ ਸਮੁੱਚੀ ਮਨੁੱਖਤਾ ਨੂੰ ਜੀਵਨ ਦਾ ਰਾਹ ਦਰਸਾਉਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਇਕ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਹਨ, ਜਿਸ ਨਾਲ ਪੰਜਾਬ ਦੇ ਸ਼ਾਂਤ ਮਾਹੌਲ ਨੂੰ ਖ਼ਰਾਬ ਕਰਨ ਦੇ ਯਤਨ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪਟਿਆਲਾ ਦੇ ਪਿੰਡ ਮੋਹਲਗੜ੍ਹ 'ਚ ਬੇਅਦਬੀ ਕਰਨ ਵਾਲੇ ਨੂੰ ਜਿਥੇ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ, ਉਥੇ ਪੁਲਸ ਪ੍ਰਸ਼ਾਸਨ ਵੱਲੋਂ ਇਹ ਵੀ ਪਤਾ ਲਗਾਇਆ ਜਾਣਾ ਚਾਹੀਦਾ ਹੈ ਕਿ ਇਸ ਘਟਨਾ ਪਿੱਛੇ ਕਾਰਜਸ਼ੀਲ ਸ਼ਕਤੀਆਂ ਕਿਹੜੀਆਂ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਹ ਇਤਰਾਜ਼ ਵੀ ਜਤਾਇਆ ਕਿ ਸਰਕਾਰਾਂ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕੰਮ ਕਰਦੇ ਲੋਕਾਂ ਨੂੰ ਬੇਪਰਦਾ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਇਹ ਬੇਹੱਦ ਸੰਜੀਦਾ ਮਾਮਲਾ ਹੈ, ਜਿਸ ਨੂੰ ਸਰਕਾਰ ਵੱਲੋਂ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਤੇ ਪ੍ਰਸ਼ਾਸਨ ਪਟਿਆਲਾ ਦੇ ਪਿੰਡ ਮੋਹਲਗੜ੍ਹ ਦੀ ਘਟਨਾ ਸਬੰਧੀ ਇਮਾਨਦਾਰਾਨਾ ਪਹੁੰਚ ਅਪਣਾਵੇ ਅਤੇ ਫੜੇ ਗਏ ਦੋਸ਼ੀ ਨੂੰ ਕਰੜੀ ਸਜ਼ਾ ਦਿਵਾਉਣ ਦੇ ਨਾਲ-ਨਾਲ ਅਜਿਹੇ ਲੋਕਾਂ ਦੀ ਪੁਸ਼ਤਪਨਾਹੀ ਕਰਨ ਵਾਲਿਆਂ ਦਾ ਪਤਾ ਲਗਾਵੇ।

ਰਾਮ ਲੀਲ੍ਹਾ ਮੰਚਨ ਨੇ ਦਰਸ਼ਕਾਂ ਨੂੰ ਕੀਤਾ ਮੰਤਰਮੁਗਧ

ਗੁਰਦਾਸਪੁਰ (ਜਨਕ ਮਹਾਜਨ)-ਆਜ਼ਾਦ ਨਵਯੁਵਕ ਰਾਮ ਨਾਟਕ ਕਲੱਬ ਵਲੋਂ ਕਰਵਾਈ ਜਾ ਰਹੀ ਰਾਮ ਲੀਲਾ ਦਾ ਉਦਘਾਟਨ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਮੁੱਖ ਮਹਿਮਾਨ ਨੇ ਰੀਬਨ ਕੱਟ ਕੇ ਕੀਤਾ ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਭਾਰਤ ਭੂਸ਼ਣ ਗੋਗਾ, ਬਜਰੰਗ ਦਲ ਦੇ ਜ਼ਿਲਾ ਪ੍ਰਧਾਨ ਅਨਿਲ ਕੁਮਾਰ, ਵਿਸ਼ਵ ਹਿੰਦੂ ਪ੍ਰੀਸ਼ਦ ਦਾ ਪ੍ਰੈੱਸ ਸਕੱਤਰ ਸੁਸ਼ੀਲ ਕੁਮਾਰ ਬਰਨਾਲਾ, ਸੁਖਦੇਵ ਸਿੰਘ ਸੁੱਖਾ, ਹਨੀ ਸਿੰਘ, ਨਵਜੋਤ ਸਿੰਘ, ਹਰੀਸ਼ ਰਿਸ਼ੂ, ਅਭਿ ਮਹਾਜਨ ਪਹੁੰਚੇ। ਇਸ ਮੌਕੇ ਕਲੱਬ ਦੇ ਪ੍ਰਧਾਨ ਬਿੱਲਾ, ਰਜਿੰਦਰ ਸ਼ਰਮਾ, ਬਿੱਟੂ ਸ਼ਰਮਾ ਅਤੇ ਸਾਰੇ ਕਲੱਬ ਮੈਂਬਰਾਂ ਨੇ ਸਨਮਾਨ ਚਿੰਨ੍ਹ ਭੇਟ ਕੀਤੇ। ਇਸ ਮੌਕੇ ਸਰੂਪਨਖਾ ਅਤੇ ਸ੍ਰੀ ਰਾਮ ਚੰਦਰ ਅਤੇ ਮਾਤਾ ਸੀਤਾ, ਲਕਸ਼ਮਣ ਦੇ ਦ੍ਰਿਸ਼ ਪੇਸ਼ ਕੀਤੇ ਜਿਨ੍ਹਾਂ ਨੇ ਸਰੋਤਿਆਂ ਨੂੰ ਕੀਲ ਕੇ ਰੱਖ ਦਿਤਾ। ਮੰਚਨ ਬਹੁਤ ਹੀ ਸੁੰਦਰ ਅਤੇ ਪੂਰੀ ਮਰਯਾਦਾ ਅਨੁਸਾਰ ਹੋਇਆ। ਇਸ ਮੌਕੇ ਸਾਰੇ ਹੀ ਮੁਹੱਲਾ ਵਾਸੀ ਵੱਡੀ ਗਿਣਤੀ ਵਿਚ ਇਕੱਠੇ ਹੋਏ ਅਤੇ ਰਾਮ ਲੀਲ੍ਹਾ ਦਾ ਆਨੰਦ ਮਾਣਿਆ।

ਪੱਖੋਵਾਲ ਕੁੱਲੀਆਂ ਨੇੜੇ ਬਣੀ ਪੁਲੀ ਦੀ ਅਣਦੇਖੀ ਕਾਰਨ ਇਲਾਕਾ ਵਾਸੀਆਂ 'ਚ ਰੋਸ

ਗੁਰਦਾਸਪੁਰ (ਜਨਕ ਮਹਾਜਨ)-ਬੇਟ ਖੇਤਰ ਦੇ ਪਿੰਡ ਪੱਖੋਵਾਲ ਕੁੱਲੀਆਂ ਨੇੜੇ ਬਣੀ ਪੁਲੀ ਦੀ ਅਣਦੇਖੀ ਕਾਰਨ ਇਲਾਕਾ ਵਾਸੀਆਂ ਵਿਚ ਸਬੰਧਿਤ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀਆਂ ਨੇ ਦੱਸਿਆ ਕਿ ਪਿੰਡ ਕੋਟਭੱਲਾ ਤੋਂ ਪੱਖੋਵਾਲ ਕੁੱਲੀਆਂ ਨੂੰ ਜਾਣ ਵਾਲੀ ਲਿੰਕ ਸੜਕ 'ਤੇ ਪਿੰਡ ਪੱਖੋਵਾਲ ਨੇੜੇ ਸੜਕ ਥੱਲਿਓਂ ਪਾਣੀ ਦੇ ਨਿਕਾਸ ਲਈ ਇਕ ਪੁਲੀ ਬਣੀ ਹੈ ਜਿਸ ਦੀ ਰੇਲਿੰਗ ਨੂੰ ਵੀ ਜੰਗਲੀ ਬੂਟੀ ਨੇ ਘੇਰ ਰੱਖਿਆ ਹੈ ਅਤੇ ਇਹ ਪੁਲੀ ਲਗਭਗ ਬੰਦ ਹੈ ਜਿਸ ਕਾਰਨ ਵਰਖਾ ਦੇ ਦਿਨਾਂ ਵਿਚ ਪਾਣੀ ਦਾ ਨਿਕਾਸ ਨਹੀਂ ਹੁੰਦਾ ਅਤੇ ਵਰਖਾ ਦਾ ਪਾਣੀ ਲੋਕਾਂ ਦੇ ਖੇਤਾਂ ਵਿਚ ਹੀ ਖੜ੍ਹਾ ਰਹਿੰਦਾ ਹੈ ਅਤੇ ਫ਼ਸਲਾਂ ਬਰਬਾਦ ਹੋ ਜਾਂਦੀਆਂ ਹਨ। ਇਹ ਸਭ ਕੁਝ ਸਬੰਧਿਤ ਵਿਭਾਗ ਦੀ ਅਣਦੇਖੀ ਕਾਰਨ ਹੋ ਰਿਹਾ ਹੈ। ਲੋਕਾਂ ਦੀ ਜ਼ਿਲ੍ਹਾ ਪ੍ਰਸ਼ਾਸਨ ਤੇ ਡਰੇਨੇਜ ਵਿਭਾਗ ਪਾਸੋਂ ਮੰਗ ਹੈ ਕਿ ਇਸ ਪੁਲੀ ਦੇ ਆਲੇ-ਦੁਆਲੇ ਉੱਗੀ ਜੰਗਲੀ ਘਾਹ ਬੂਟੀ ਸਾਫ਼ ਕਰਵਾ ਕੇ ਪੁਲੀ ਦੀ ਮੁਰੰਮਤ ਕਰਵਾਈ ਜਾਵੇ ਤਾਂ ਜੋ ਵਰਖਾ ਦੇ ਦਿਨਾਂ ਵਿਚ ਪਾਣੀ ਦਾ ਨਿਕਾਸ ਸਹੀ ਹੋ ਸਕੇ।

ਗੁ. ਸ੍ਰੀ ਕਤਲਗੜ੍ਹ ਸਾਹਿਬ ਵਿਖੇ ਖੂਨ ਦਾਨ ਕੈਂਪ ਭਲਕੇ

ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)- ਨੌਜਵਾਨ ਸਭਾ ਪੰਜਾਬ ਅਤੇ ਬੁਲੰਦ ਪ੍ਰੈੱਸ ਕਲੱਬ ਸ੍ਰੀ ਚਮਕੌਰ ਸਾਹਿਬ ਦੇ ਸਹਿਯੋਗ ਨਾਲ ਬਾਬਾ ਅਜੀਤ ਸਿੰਘ ਬਾਬਾ ਜੁਝਾਰ ਸਿੰਘ ਅਤੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਿਤ ਦੁਸਹਿਰੇ ਦੇ ਤਿਉਹਾਰ ਤੇ ਸਾਲਾਨਾ ਖੂਨ ਦਾਨ ਕੈਂਪ 24 ਅਕਤੂਬਰ ਨੂੰ ਗੁਰਦਵਾਰਾ ਸ੍ਰੀ ਕਤਲਗੜ੍ਹ ਸਾਹਿਬ ਸ੍ਰੀ ਚਮਕੌਰ ਸਾਹਿਬ ਵਿਖੇ ਲਗਾਇਆ ਜਾਵੇਗਾ। ਇਸ ਮੌਕੇ ਜਾਣਕਾਰੀ ਦਿੰਦਿਆ ਬੁਲੰਦ ਪ੍ਰੈੱਸ ਕਲੱਬ ਸ੍ਰੀ ਚਮਕੌਰ ਸਾਹਿਬ ਦੇ ਪ੍ਰਧਾਨ ਅਮਰਜੀਤ ਸਿੰਘ ਕਲਸੀ ਨੇ ਦੱਸਿਆ ਕਿ ਹਰ ਸਾਲ ਦੀ ਬੁਲੰਦ ਪ੍ਰੈੱਸ ਕਲੱਬ ਸ੍ਰੀ ਚਮਕੌਰ ਸਾਹਿਬ ਦੇ ਸਹਿਯੋਗ ਨਾਲ 14ਵਾਂ ਖੂਨ ਦਾਨ ਕੈਂਪ ਲਗਾਇਆ ਜਾਵੇਗਾ ਜਿਸ ਵਿੱਚ ਬਲੱਡ ਬੈਂਕ ਦੀ ਟੀਮ ਯੂਨਿਟ ਇਕੱਤਰ ਕਰਨ ਲਈ ਪਹੁੰਚੇਗੀ।

ਸ਼ਕਤੀ ਪੰਪ ਇੰਡੀਆ ਨੂੰ ਐੱਮ ਐੱਸ ਇ ਡੀ ਸੀ ਐੱਲ ਤੋਂ ਇਮਪੈਨਲਮੈਂਟ ਲੈਟਰ ਪ੍ਰਾਪਤ

ਜਲੰਧਰ: ਸੋਲਰ ਪੰਪਿੰਗ ਸਮਾਧਾਨਾਂ ਵਿੱਚ ਪ੍ਰਧਾਨ ਸਕਤੀ ਪੰਪ ਇੰਡੀਆ ਲਿਮਿਟਡ ਨੂੰ ਮਹਾਰਾਸਟਰ ਸਟੇਟ ਪਾਵਰ ਡਿਸਟ੍ਰੀਬਿਊਸ਼ਨ ਕੰਪਨੀ ਲਿਮਿਟਡ (ਐੱਮਐੱਸਇਡੀਸੀਐੱਲ) ਤੋਂ 50,000 ਆਫ-ਗਰਿਡ ਸੋਲਰ ਫੋਟੋਵੋਲਟਿਕ ਵਾਟਰ ਪੰਪਿੰਗ ਸਿਸਟਮ ਦਾ ਇਮਪੈਨਲਮੈਂਟ ਪ੍ਰਾਪਤ ਹੋਇਆ ਹੈ, ਜੋ ਪੂਰੇ ਮਹਾਰਾਸ਼ਟਰ ਸਟੇਟ ਵਿੱਚ ਪੀ.ਐਮ.-ਕੁਸੁਮ ਸਕੀਮ ਫੇਜ 3 ਦੇ ਕੰਪੋਨੈਂਟ-ਬੀ ਲਈ ਹੈ। ਇਨ 50,000 ਪੰਪਸ ਦੀ ਅਨੁਮਾਨਿਤ ਕੀਮਤ 1,603 ਕਰੋੜ ਰੁਪਏ ਹੈ। ਇਸ ਯੋਜਨਾ ਦੇ ਤਹਿਤ ਕਿਸਾਨਾਂ ਨੂੰ 90 ਪ੍ਰਤੀਸ਼ਤ ਸਬਸਿਡੀ ਪ੍ਰਾਪਤ ਹੋਣ ਦੇ ਬਹੁਤ ਲਾਭ ਹੋਵੇਗਾ। ਪੀ.ਐਮ.-ਕੁਸੁਮ ਸਕੀਮ ਫੇਜ਼ 3 ਦੇ ਕੰਪੋਨੈਂਟ-ਬੀ ਵਿਸ਼ੇਸ਼ ਰੂਪ ਵਿੱਚ 3, 5, ਅਤੇ 7.5 ਐੱਚ.ਪੀ ਤੱਕ ਦੀ ਵਿਅਕਤੀਗਤ ਕਸ਼ਮਤਾ ਵਾਲੇ ਸੋਲਰ ਊਰਜਾ ਕ੍ਰਿਸ਼ੀ ਪੰਪਾਂ ਦੇ ਇੰਸਟਾਲੇਸ਼ਨ ਉੱਤੇ ਕੇਂਦ੍ਰਿਤ ਹੈ। ਸ਼ਕਤੀ ਪੰਪਸ ਦੇ ਚੇਅਰਮੈਨ ਦਿਨੇਸ਼ ਪਾਟੀਦਾਰ ਨੇ ਕਿਹਾ ਕਿ ਅਸੀਂ ਮਹਾਰਾਸਟਰ ਦੇ ਐੱਮਐੱਸਇਏਡੀਸੀਐੱਲ ਦੇ ਮੈਨੇਜਮੈਂਟ ਲਈ ਇਸ ਪਹਿਲ ਲਈ ਹਾਰਦਿਕ ਧੰਨਵਾਦ ਕਰਦੇ ਹਾਂ। ਇਸ ਪਹਿਲ ਨਾਲ ਡਿਸਕਾਮ ਦੀ ਵਾਧੂ ਸਬਸਿਡੀ ਲੋਡ ਵਿੱਚ ਘੱਟ ਆਵੇਗੀ।

21--Otc-PAGE- 12 qxd.qxd 10/20/2023 9:35 PM Page 1

ਭਾਸ਼ਾ ਵਿਭਾਗ ਵੱਲੋਂ ਸਮਾਰਟ ਸਕੂਲ ਨਸਰਾਲਾ ਵਿਖੇ ਸ਼ਾਨਦਾਰ ਨਾਟਕ ਸਮਾਗਮ

ਹੁਸ਼ਿਆਰਪੁਰ, (ਓ ਪੀ ਰਾਣਾ)

ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਲੋਂ ਭਾਸ਼ਾ ਮੰਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਸਰਾਲਾ ਦੇ ਸਹਿਯੋਗ ਨਾਲ ਸ਼ਾਨਦਾਰ ਨਾਟਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਹਲਕਾ ਵਿਧਾਇਕ ਸ਼ਾਮ ਚੁਰਾਸੀ ਡਾ. ਰਵਜੋਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਦਕਿ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿੱ) ਹਰਭਗਵੰਤ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਸਮਾਗਮ ਦੇ ਸ਼ੁਰੂ 'ਚ ਆਏ ਹੋਏ ਮਹਿਮਾਨਾਂ ਲਈ ਖ਼ੁਸ਼ਆਮਦੀਦ ਸ਼ਬਦ ਆਖਦਿਆਂ ਖੋਜ ਅਫ਼ਸਰ ਡਾ. ਜਸਵੰਤ ਰਾਏ ਨੇ ਪ੍ਰੋਗਰਾਮ ਦੀ ਰੂਪ-ਰੇਖਾ ਸਾਂਝੀ ਕਰਨ ਉਪਰੰਤ ਕਿਹਾ ਕਿ ਭਾਸ਼ਾ ਵਿਭਾਗ ਵਿਦਿਆਰਥੀਆਂ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਪ੍ਰਤੀ ਰੁਚੀ ਪੈਦਾ ਕਰਨ ਲਈ ਲਗਾਤਾਰ ਸਾਹਿਤਕ ਸਮਾਗਮਾਂ ਦਾ ਆਯੋਜਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਨਾਟਕ ਸਮਾਗਮ ਵੀ ਉਸੇ ਵਿਧਾ ਵਿਚ ਅਗਲਾ ਕਦਮ ਹੈ। ਉਨ੍ਹਾਂ ਕਿਹਾ ਕਿ ਆਧੁਨਿਕ ਨਾਟਕ ਦਾ ਪ੍ਰਾਚੀਨ ਰੂਪ ਨਕਲਾਂ ਅਤੇ ਰਾਸਾਂ ਵਿਚ ਹੁਸ਼ਿਆਰਪੁਰ ਦੇ ਪੰਡਤ ਸੰਤ ਰਾਮ ਅਤੇ ਕਰਮਾ ਵਰਗੇ ਕਲਾਕਾਰਾਂ ਦੀ ਮਾਰਮਿਕ ਪ੍ਰਾਪਤੀ ਰਹੀ ਹੈ ਅਤੇ ਇਹ ਨਾਟਕ ਸਮਾਗਮ ਉਨ੍ਹਾਂ ਲੋਕ ਕਲਾਕਾਰਾਂ ਨੂੰ ਹੀ ਸਮਰਪਿਤ ਹੈ। ਇਸ ਮੌਕੇ ਅੰਕੁਰ ਸ਼ਰਮਾ ਦੀ ਨਿਰਦੇਸ਼ਨਾ ਹੇਠ ਤਿਆਰ ਕੀਤੇ ਨਾਟਕ 'ਉਲਟੇ ਹੋਰ ਜ਼ਮਾਨੇ ਆਏ' ਨੇ ਵਿਅੰਗਆਤਮਕ ਢੰਗ ਨਾਲ ਔਰਤਾਂ ਦੇ ਕੰਮਾਂ ਅਤੇ ਭੂਮਿਕਾ ਦੀ ਸਰਾਹਨਾ ਕਰਦਿਆਂ ਅਨੂਠੀ ਪੇਸ਼ਕਾਰੀ ਕੀਤੀ। ਸਰਕਾਰੀ ਕਾਲਜ ਦੀਆਂ ਵਿਦਿਆਰਥਣਾਂ ਨੇ ਮੀਮਿਕਰੀ ਅਤੇ ਭੰਡਾਂ ਦੀ ਪੇਸ਼ਕਾਰੀ ਕਰਕੇ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਈਆਂ। ਵਿਧਾਇਕ ਡਾ. ਰਵਜੋਤ ਸਿੰਘ ਨੇ ਆਪਣੇ ਸੰਬੋਧਨ ਵਿਚ ਭਾਸ਼ਾ ਵਿਭਾਗ ਦੀਆਂ ਅਸਲੋਂ ਨਵੀਆਂ ਗਤੀਵਿਧੀਆਂ ਅਤੇ ਵਿਉਂਤਵੰਦੀਆਂ ਦੀ ਵਿਦਿਆਰਥੀ ਜੀਵਨ ਵਿਚ ਸੰਜੀਦਾ ਲੋੜ ਅਤੇ ਮਹੱਤਤਾ ਦੱਸਦਿਆਂ ਡਾ. ਜਸਵੰਤ ਰਾਏ ਦੇ ਇਨ੍ਹਾਂ ਉਪਰਾਲਿਆਂ ਦੀ ਪ੍ਰਸੰਸਾ ਕੀਤੀ। ਜ਼ਿਲ੍ਹਾ ਸਿੱਖਿਆ ਅਫ਼ਸਰ ਹਰਭਗਵੰਤ ਸਿੰਘ ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਇਨ੍ਹਾਂ ਪ੍ਰੋਗਰਾਮਾਂ ਦਾ ਹਿੱਸਾ ਬਣਨ ਲਈ ਪ੍ਰੇਰਿਆ ਅਤੇ ਨਾਟਕ ਦੇ ਕਲਾਕਾਰਾਂ ਦੀ ਕਲਾ ਦੀ ਰੱਜਵੀਂ ਤਾਰੀਫ਼ ਕੀਤੀ। ਇਸ ਮੌਕੇ ਭਾਸ਼ਾ ਵਿਭਾਗ ਵਲੋਂ ਡਾ. ਰਵਜੋਤ ਸਿੰਘ, ਹਰਭਗਵੰਤ ਸਿੰਘ, ਅੰਕੁਰ ਸ਼ਰਮਾ, ਇੰਚਾਰਜ ਸਕੂਲ ਲੈਕ ਕੁਲਵਿੰਦਰ ਸਿੰਘ, ਅਮਰੀਕ ਸਿੰਘ, ਪੱਤਰਕਾਰ ਸਤਵੰਤ ਸਿੰਘ ਥਿਆੜਾ, ਸਰਪੰਚ ਮਨਮੋਹਨ ਸਿੰਘ ਨੂੰ ਮਹਾਨ ਕੋਸ਼ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨਾਂ ਵਲੋਂ ਨਾਟਕ ਕਲਾਕਾਰਾਂ, ਸਕੂਲ ਦੇ ਪੜ੍ਹਾਈ ਅਤੇ ਖੇਡਾਂ ਵਿਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਦਾ ਯਾਦਗਾਰੀ ਚਿੰਨ੍ਹ ਅਤੇ ਕਿਤਾਬਾਂ ਦੇ ਸੈੱਟ ਨਾਲ ਸਨਮਾਨ ਕੀਤਾ ਗਿਆ। ਸਕੂਲ ਸਟਾਫ ਨੇ ਸਕੂਲ ਵਿਚ ਨਾਟਕ ਸਮਾਗਮ ਕਰਵਾਉਣ ਬਦਲੇ ਡਾ. ਜਸਵੰਤ ਰਾਏ ਦਾ ਵਿਸ਼ੇਸ਼ ਸਨਮਾਨ ਕੀਤਾ। ਧੰਨਵਾਦੀ ਸ਼ਬਦ ਲੈਕ: ਕੁਲਵਿੰਦਰ ਸਿੰਘ ਨੇ ਆਖੇ। ਸਮੁੱਚੇ ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਲੈਕ: ਸੁਖਦੇਵ ਸਿੰਘ ਨੇ ਬਾਖੂਬੀ ਨਿਭਾਈ। ਇਸ ਸਮੇਂ ਅਸ਼ੋਕ ਕੁਮਾਰ ਪੰਚ, ਡਾ. ਜਗਨੈਲ ਸਿੰਘ, ਲੈਕ. ਨੀਲਮ, ਸੰਜੀਤ, ਮੰਜੂ ਅਰੋੜਾ, ਕਮਲੇਸ਼ ਰਾਣੀ, ਬਲਜੀਤ ਸਿੰਘ, ਸੰਜੀਵ ਰਤਨ, ਅਨਿਲ ਕੁਮਾਰ, ਵਿਸ਼ਾਲ, ਅਨੀਸ਼ ਕੁਮਾਰ, ਵੀਨਾ ਰਾਣੀ, ਰਜਵਿੰਦਰ ਕੌਰ, ਆਰਤੀ, ਨਰਿੰਦਰ ਕੌਰ, ਪ੍ਰੀਆ, ਸਤਵੀਰ ਕੌਰ ਅਤੇ ਸਕੂਲ ਵਿਦਿਆਰਥੀ ਹਾਜ਼ਰ ਸਨ।

ਨਸ਼ਿਆਂ ਖਿਲਾਫ ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਵਿਖੇ ਸੈਮੀਨਾਰ

ਕਪੂਰਥਲਾ-ਮਾਣਯੋਗ ਅਮਰਿੰਦਰ ਸਿੰਘ ਗਰੇਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ ਕਪੂਰਥਲਾ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਅਥਾਰਟੀ ਕਪੂਰਥਲਾ ਅਤੇ ਸੀ ਜੇ ਐੱਸ ਅਮਨਦੀਪ ਕੌਰ ਚਾਹਲ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅੱਜ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਕਪੂਰਥਲਾ ਵੱਲੋਂ ਨਸ਼ਿਆਂ ਦੇ ਖਿਲਾਫ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ ਵਿੱਚ ਕਿਰਪਾਲ ਸਿੰਘ ਅਸਿਸਟੈਂਟ ਜੇਲ੍ਹ, ਹਰੀਸ਼ ਪੁਰੀ ਡਿਪਟੀ ਚੀਫ ਲੀਗਲ ਐਡ ਡਿਫੈਂਸ ਕੌਂਸਲ ਨੇ ਭਾਗ ਲਿਆ ਅਤੇ ਸਤਪਾਲ ਚੀਫ ਲੀਗਲ ਐਡ ਡਿਫੈਂਸ ਕੌਂਸਲ ਨੇ ਜ਼ਿਲ੍ਹਾ ਕਾਨਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹੇ ਵਿੱਚ ਚਲਾਈ ਜਾ ਰਹੀ ਨਸ਼ਿਆਂ ਵਿਰੁੱਧ ਮੁਹਿੰਮ ਬਾਰੇ ਜਾਣਕਾਰੀ ਦਿੱਤੀ। ਉਨ੍ਹਾ ਨੇ ਆਪਣੇ ਭਾਸ਼ਣ ਵਿੱਚ ਨੌਜਵਾਨਾਂ ਨੂੰ ਨਸ਼ਾ ਛੱਡਣ ਅਤੇ ਚੰਗੀ ਸਿਹਤ ਬਰਕਰਾਰ ਰੱਖਣ ਲਈ ਪ੍ਰੇਰਿਤ ਕੀਤਾ ਅਤੇ ਹਵਾਲਾਤੀਆਂ ਅਤੇ ਕੈਦੀਆਂ ਨੂੰ ਜ਼ਿਲ੍ਹਾ ਕਾਨੂੰਨੀ ਅਥਾਰਟੀ ਵੱਲੋਂ ਚਲਾਏ ਜਾ ਰਹੇ ਕਿਤਾਮੁਖੀ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਤਾਂ ਕਿ ਹਵਾਲਾਤੀ ਅਤੇ ਕੈਦੀ ਵੱਖ-ਵੱਖ ਧੰਦਿਆਂ ਵਿੱਚ ਰਿਹਾਈ ਤੋਂ ਬਾਅਦ ਆਪਣਾ ਕੰਮ ਕਰ ਸਕਣ ਅਤੇ ਆਪਣੀ ਰੋਟੀ ਰੋਜ਼ੀ ਕਮਾ ਸਕਣ।

ਮਾਨਵਤਾ ਕਲਾ ਮੰਚ ਨਗਰ ਨੇ ਦੇਸ਼ ਭਗਤ ਯਾਦਗਾਰ ਹਾਲ ਆ ਕੇ ਮੇਲੇ ਲਈ ਕੀਤੀਆਂ ਸੇਵਾਵਾਂ ਭੇਟ

ਜਲੰਧਰ (ਕੇਸਰ) ਪੰਜਾਬ ਦੇ ਰੰਗ ਕਰਮੀਆਂ ਵਿੱਚ ਗਦਰੀ ਬਾਬਿਆਂ ਦੇ ਮੇਲੇ ਲਈ ਉਤਸ਼ਾਹਤ ਦੇਖਿਆਂ ਹੀ ਬਣਦਾ ਹੈ। ਸੁਲੱਖਣਾ ਵਰਤਾਰਾ ਇਹ ਹੈ ਕਿ ਉਹ ਮੇਲੇ 'ਚ ਸਿਰਫ ਕਲਾ ਕ੍ਰਿਤਾਂ ਹੀ ਨਹੀਂ ਸਗੋਂ ਮੇਲੇ ਤੋਂ ਪਹਿਲਾਂ ਰਾਸ਼ਨ, ਮੇਲੇ ਦੀਆਂ ਤਿਆਰੀਆਂ ਲਈ ਸੇਵਾਵਾਂ ਅਦਾ ਕਰਨ ਵੀ ਆ ਰਹੇ ਹਨ। ਪੰਜਾਬ ਦੇ ਰੰਗ ਦੇ ਵਿਹੜੇ ਖਿੜ ਰਹੇ ਫੁੱਲਾਂ ਦੀ ਸੌਗੰਧੀ ਤੋਂ ਇਹ ਆਸ ਬੱਝਦੀ ਹੈ ਕਿ ਉਹ ਮੰਚ 'ਤੇ ਪੇਸ਼ਕਾਰੀਆਂ ਕਰਨ ਤੱਕ ਹੀ ਮਹਿਦੂਦ ਨਾ ਰਹਿ ਕੇ ਸਗੋਂ ਮੇਲੇ ਦੀ ਸਫਲਤਾ ਲਈ ਲੋੜਾਂ ਦੀ ਪੂਰਤੀ ਵਾਸਤੇ ਸਮੂਹਿਕ ਯੋਗਦਾਨ ਪਾਉਣ ਲਈ ਆਪਣੇ ਘਰਾਂ ਦੀਆਂ ਜ਼ਰੂਰਤਾਂ ਨੂੰ ਸੀਮਤ ਕਰਕੇ ਆਰਥਿਕ ਅਤੇ ਰਾਸਨ ਦੀ ਮੱਦਦ ਵੀ ਦੇਸ਼ ਭਗਤ ਯਾਦਗਾਰ ਹਾਲ ਲਈ ਲੈ ਕੇ ਆ ਰਹੇ ਹਨ । ਪਲਸ ਮੰਚ ਦੀ ਇਕਾਈ ਮਾਨਵਤਾ ਕਲਾ ਮੰਚ ਨਗਰ ਦੇ ਨਿਰਦੇਸ਼ਕ ਜਸਵਿੰਦਰ ਪੱਪੀ, ਨਾਟਕਕਾਰ, ਕਵੀ ਕੁਲਵੰਤ ਕੌਰ ਨਗਰ, ਉਹਨਾਂ ਦੀ ਧੀ ਅਦਾਕਾਰਾ ਨਰਗਿਸ ਅਤੇ ਸੰਗੀਤ, ਅਦਾਕਾਰ ਦੀਆਂ ਸੇਵਾਵਾਂ ਨਿਭਾਉਂਦਾ ਸਪੁੱਤਰ ਅੰਮ੍ਰਿਤ ਦੇਸ਼ ਭਗਤ ਯਾਦਗਾਰ ਹਾਲ ਮੇਲੇ ਵਿੱਚ ਆਉਣ ਵਾਲੇ ਲੋਕਾਂ ਦੀ ਸੇਵਾ ਲਈ ਰਾਸ਼ਨ ਲੈ ਕੇ ਆਏ। ਉਹਨਾਂ ਇਹ ਵੀ ਦੱਸਿਆ ਕਿ ਉਹਨਾਂ ਦੀ ਟੀਮ ਗਦਰੀ ਬਾਬਿਆਂ ਦੇ ਮੇਲੇ 'ਚ 31 ਅਕਤੂਬਰ ਸ਼ਾਮ ਠੀਕ 8 ਵਜੇ ਚਿੜੀਆਂ ਦਾ ਚੰਬਾ ਨਾਟਕ ਪੇਸ਼ ਕਰਨਗੇ। ਇਹ ਨਾਟਕ ਇਸ ਮਿੱਟੀ ਦੀਆਂ ਧੀਆਂ ਦੀ ਵੇਦਨਾ, ਸੰਵੇਦਨਾ ਦੇ ਨਾਲ ਨਾਲ ਉਹਨਾਂ ਦੀ ਮੁਕਤੀ ਲਈ ਸੰਘਰਸ਼ਸ਼ੀਲ ਤਾਕਤਾਂ ਦੀ ਵੀ ਜੈ ਜੈ ਕਾਰ ਕਰੇਗਾ ਜਿਹਨਾਂ ਨੂੰ ਹਰ ਹੱਥ ਲੱਗਾ ਮੌਕਾ ਵਰਤਕੇ ਬਦਨਾਮ ਕਰਨ ਲਈ ਸਾਡੇ ਵਿਸ਼ਿਆਂ ਦੀ ਅਨੈਤਿਕ ਤੌਰ 'ਤੇ ਵਰਤੋਂ ਕਰਨ ਦਾ ਯਤਨ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਚਿੜੀਆਂ ਦਾ ਚੰਬਾ ਆਪਣੀ ਮਿੱਟੀ ਅਤੇ ਇਸ ਮਿੱਟੀ ਸੰਗ ਮਿਲਕੇ ਮਿੱਟੀ ਹੋ ਰਹੀਆਂ ਕੁੜੀਆਂ ਚਿੜੀਆਂ ਦੀ ਬਾਗੀ ਸੁਰ ਅਤੇ ਨਾਬਰੀ ਭਰੀ ਪਰਵਾਜ ਭਰੇਗਾ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਡਾ. ਸੈਲੇਸ਼ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਹਾਜਰ ਸਨ।

ਸਵੱਛ ਭਾਰਤ ਮਿਸ਼ਨ ਤਹਿਤ ਕੰਟੇਨਰ ਵੰਡੇ

ਐਸ.ਏ.ਐਸ ਨਗਰ (ਗੁਰਜੀਤ ਬਿੱਲਾ)-ਸ੍ਰੀਮਤੀ ਆਸ਼ਿਕਾ ਜੈਨ, ਡਿਪਟੀ ਕਮਿਸ਼ਨਰ ਐਸ.ਏ.ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਵੱਛ ਭਾਰਤ ਮਿਸ਼ਨ (ਸ਼ਹਿਰੀ) ਨੂੰ ਪ੍ਰਫੁੱਲਤ ਕਰਨ ਲਈ ਸੁਹਿਰਦ ਯਤਨਾਂ ਤਹਿਤ ਸੀ.ਐਫ. ਅਤੇ ਐਸ.ਆਈ. ਮਗਰ ਕੌਂਸਲ ਨਵਾਂਗਾਓਂ ਨੇ ਐਸ.ਬੀ.ਐਮ.ਯੂ. ਟੀਮ ਏ.ਡੀ.ਸੀ. (ਯੂ.ਡੀ.), ਐਸ.ਏ.ਐਸ. ਨਗਰ ਦੇ ਸਹਿਯੋਗ ਨਾਲ ਮੰਦਰਾਂ ਵਿੱਚ ਵਰਤੇ ਜਾਣ ਵਾਲੇ ਫੁੱਲਾਂ ਨੂੰ ਇੱਕਠਾ ਕਰਨ ਲਈ ਕੰਨਟੇਨਰ ਵੰਡੇ। ਇਸ ਦੌਰਾਨ ਸਰੋਤਾਂ ਨੂੰ ਵੱਖ ਕਰਨ ਦੀ ਮਹੱਤਤਾ ਬਾਰੇ ਜਾਗਰੂਕਤਾ ਸੈਸ਼ਨ ਵੀ ਦਿੱਤਾ ਗਿਆ। ਇਸ ਪਹਿਲ ਦਾ ਉਦੇਸ ਸਮਾਜ ਦੇ ਅੰਦਰ ਜਿੰਮੇਵਾਰ ਰਹਿਣ-ਬੁੰਹਦ ਪ੍ਰਬੰਧਨ ਅਤੇ ਗੀਸਾਈਕਲਿੰਗ ਨੂੰ ਉਤਸ਼ਾਹਿਤ ਕਰਨਾ ਹੈ। ਇਹ ਯਤਨ ਟਿਕਾਊ ਜੀਵਨ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਲਈ ਸਥਾਨਕ ਅਧਿਕਾਰੀਆਂ ਅਤੇ ਭਾਈਚਾਰੇ ਦੇ ਸਹਿਯੋਗ ਦੀ ਮਿਸਾਲ ਦਿੰਦਾ ਹੈ। ਇਸ ਤੋਂ ਇਲਾਵਾ ਇਹ ਯਕੀਨੀ ਬਣਾਇਆ ਗਿਆ ਕਿ ਇਕੱਠੇ ਕੀਤੇ ਫੁੱਲਾਂ ਨੂੰ ਵਾਤਾਵਰਣ ਅਨੁਕੂਲ ਤਰੀਕੇ ਨਾਲ ਪ੍ਰੋਸੈਸ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸ਼ਰਧਾਲੂਆਂ ਦੇ ਨਾਲ-ਨਾਲ ਮੰਦਰ ਦੇ ਪੁਜਾਰੀਆਂ ਨੂੰ ਵੀ ਵੱਧ ਤੋਂ ਵੱਧ ਕੱਪੜੇ ਦੇ ਥੈਲੇ ਅਪਣਾ ਕੇ ਸਮਾਜ ਦੀ ਮਦਦ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਲਾਇਲਪੁਰ ਖ਼ਾਲਸਾ ਕਾਲਜ ਵਿਖੇ ਰੰਗੋਲੀ ਮੁਕਾਬਲੇ

ਜਲੰਧਰ (ਸ਼ੈਲੀ ਐਲਬਰਟ)-ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਬਾਇਓਟੈਕਨਾਲੋਜੀ ਦੇ ਪੋਸਟ ਗ੍ਰੈਜੂਏਟ ਵਿਭਾਗ ਵੱਲੋਂ ਮਾਈਕ੍ਰੋਬਾਇਓਲੋਜਿਸਟ ਸੋਸਾਇਟੀ ਆਫ (ਐੱਮ.ਬੀ.ਐੱਸ.ਆਈ.) ਇੰਡੀਆ ਦੇ ਸਹਿਯੋਗ ਨਾਲ 'ਵਾਇਰਲ ਰੋਗਾਂ' 'ਤੇ ਰੰਗੋਲੀ ਮੇਕਿੰਗ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਬੀ.ਐੱਸਸੀ. ਬਾਇਓਟੈਕਨਾਲੋਜੀ, ਬੀ.ਐੱਸਸੀ. ਮੈਡੀਕਲ ਅਤੇ ਐੱਮ.ਐੱਸਸੀ. ਬਾਇਓਟੈਕਨਾਲੋਜੀ ਸਟਰੀਮ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਪ੍ਰਿੰਸੀਪਲ ਡਾ. ਜਸਪਾਲ ਸਿੰਘ, ਹੋਰ ਫੈਕਲਟੀ ਮੈਂਬਰਾਂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਸਵਾਗਤ ਮਾਈਕ੍ਰੋਬਾਇਓਲੋਜਿਸਟ ਸੁਸਾਇਟੀ ਪੰਜਾਬ ਰਾਜ ਯੂਨਿਟ ਦੇ ਕੋਆਰਡੀਨੇਟਰ ਡਾ. ਇੰਦਰਜੀਤ ਕੌਰ ਨੇ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਭਾਗ ਨੂੰ ਇਸ ਸਮਾਗਮ ਦੇ ਆਯੋਜਨ ਲਈ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਵਾਇਰਲ ਬਿਮਾਰੀਆਂ ਤੋਂ ਜਾਣੂ ਕਰਵਾਉਣ ਲਈ ਅਜਿਹੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ ਤਾਂ ਜੋ ਵਿਦਿਆਰਥੀ ਗਿਆਨ ਪ੍ਰਾਪਤ ਕਰਕੇ ਹੋਰਨਾਂ ਨੂੰ ਵੀ ਅਜਿਹੇ ਵਿਸ਼ਿਆਂ ਬਾਰੇ ਜਾਗਰੂਕ ਕਰ ਸਕਣ। ਬਾਇਓਟੈਕਨੋਲੋਜੀ ਵਿਭਾਗ ਦੇ ਮੁਖੀ ਡਾ: ਅਰੁਣ ਦੇਵ ਸ਼ਰਮਾ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਿਲੱਖਣ ਵਿਅਕਤਿਤਵ ਨੂੰ ਹੋਰ ਬਿਹਤਰ ਬਣਾਉਣ ਲਈ ਪ੍ਰੇਰਿਤ ਕੀਤਾ । ਡਾ: ਇੰਦਰਜੀਤ ਕੌਰ ਨੇ ਭਾਗੀਦਾਰਾਂ ਨੂੰ ਕੋਵਿਡ-19 ਦੇ ਵਿਸ਼ੇਸ਼ ਸੰਦਰਭ ਵਿੱਚ ਮਨੁੱਖਾਂ ਦੇ ਜੀਵਨ 'ਤੇ ਵਾਇਰਲ ਬਿਮਾਰੀਆਂ ਦੇ ਖ਼ਤਰੇ ਅਤੇ ਗੰਭੀਰ ਪ੍ਰਭਾਵ ਦਾ ਜ਼ਿਕਰ ਕੀਤਾ। ਕ੍ਰਿਤਿਕਾ, ਤਾਨਿਆ ਅਤੇ ਮਨਵੀਰ ਸਿੰਘ ਨੇ ਬੀ.ਐਸ.ਸੀ. ਬਾਇਓਟੈਕ ਤੀਸਰਾ ਸਮੈਸਟਰ ਨੇ ਪਹਿਲਾ, ਬੀ.ਐਸਸੀ. ਮੈਡੀਕਲ ਪੰਜਵੇਂ ਸਮੈਸਟਰ ਦੀ ਸ਼ਵੇਤਾ, ਮਹਿਕ ਅਤੇ ਦੁਪਿੰਦਰ ਕੌਰ ਨੇ ਦੂਜਾ ਇਨਾਮ ਅਤੇ ਐਮ.ਐਸਸੀ. ਬਾਇਓਟੈਕਨੋਲਜੀ ਕਲਾਸ ਦੀ ਤਨੂ ਸ਼ਰਮਾ, ਸਿਲਕੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਡਾ. ਗੁਰਪ੍ਰੀਤ ਸਿੰਘ ਅਤੇ ਪ੍ਰੋ. ਗੋਬਿੰਦ ਰਾਮ ਨੇ ਜੱਜ ਦੀ ਭੂਮਿਕਾ ਨਿਭਾਈ ਜਦਕਿ ਮਿਸ ਅੰਮ੍ਰਿਤਾ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਨਤੀਜਿਆਂ ਦਾ ਐਲਾਨ ਕੀਤਾ।

ਨਸ਼ਿਆਂ ਦੇ ਮਾੜੇ ਪ੍ਰਭਾਵ ਤੇ ਟਰੈਫਿਕ ਨਿਯਮਾਂ ਸੰਬੰਧੀ ਸੈਮੀਨਾਰ

ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ)-ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ ਟਾਂਡਾ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਸਟੀਟਿਊਟ ਆਫ ਨਰਸਿੰਗ ਕਾਲਜ ਟਾਂਡਾ ਵਿਖੇ ਟਾਂਡਾ ਪੁਲਸ ਤੇ ਟਰੈਫਿਕ ਵਿਭਾਗ ਵੱਲੋਂ ਟਰੈਫਿਕ ਨਿਯਮਾਂ ਅਤੇ ਨਸ਼ਿਆਂ ਖਿਲਾਫ ਇਕ ਦਿਨਾ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੀ ਚੇਅਰਪਰਸਨ ਪਰਦੀਪ ਕੌਰ ਤੇ ਐਮ. ਡੀ ਵਿਕਰਮ ਸਿੰਘ ਦੀ ਅਗਵਾਈ , ਮੈਨੇਜਰ ਸਰਬਜੀਤ ਸਿੰਘ ਮੋਮੀ ਤੇ ਵਾਈਸ ਪ੍ਰਿੰਸੀਪਲ ਰਾਜਵਿੰਦਰ ਕੌਰ ਦੀ ਦੇਖ-ਰੇਖ 'ਚ ਲਗਾਏ ਗਏ ਇਸ ਸੈਮੀਨਾਰ ਦੌਰਾਨ ਟਰੈਫਿਕ ਵਿਭਾਗ ਟਾਂਡਾ ਦੇ ਇੰਚਾਰਜ ਏ.ਐਸ.ਆਈ ਮਨਜੀਤ ਸਿੰਘ, ਏ.ਐਸ.ਆਈ ਦਰਸ਼ਨ ਸਿੰਘ ਅਤੇ ਏ.ਐਸ.ਆਈ ਜਸਵਿੰਦਰ ਸਿੰਘ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਜਿੱਥੇ ਨਸ਼ਿਆਂ ਦੇ ਮਾੜੇ ਪ੍ਰ